# ਵਿਕਾਸ ਜਾਗ੍ਰਤੀ



51655
ਸਰਕਾਰੀ ਨੌਕਰੀਆਂ

ਮੁਫ਼ਤ
ਬਿਜਲੀ

881 ਆਮ ਆਦਮੀ
ਕਲੀਨਿਕ

94203 ਕਰੋੜ
ਨਿਵੇਸ਼

ਸੜਕ ਸੁਰੱਖਿਆ
ਫੋਰਸ

ਨਸ਼ਿਆਂ ਵਿਰੁੱਧ
ਜੰਗ

118 ਸਕੂਲ.ਆਫ਼.
ਐਮੀਨੈਂਸ

ਭ੍ਰਿਸ਼ਟਾਚਾਰ ਮੁਕਤ
ਪੰਜਾਬ

ਜ਼ਮੀਨ ਰਜਿਸਟ੍ਰੇਸ਼ਨ ਲਈ
ਐਨ.ਓ.ਸੀ ਦੀ ਸ਼ਰਤ ਖ਼ਤਮ

## ਤਿੰਨ ਵਰ੍ਹਿਆਂ 'ਚ ਬਦਲੀ ਪੰਜਾਬ ਦੀ ਨੁਹਾਰ

**ਵਿਕਾਸ ਦੀ ਗਤੀ ਰਹੇਗੀ ਬਰਕਰਾਰ**



# ਹੋਲੀ ਰੰਗਾਂ ਦਾ ਤਿਉਹਾਰ

(14 ਮਾਰਚ)



ਭਗਵੰਤ ਸਿੰਘ ਮਾਨ

ਮੁੱਖ ਮੰਤਰੀ, ਪੰਜਾਬ

ਵੱਲੋਂ

ਆਪ ਸਭਨਾਂ ਨੂੰ



# ਮਹਾਂ ਸ਼ਿਵਰਾਤਰੀ

ਦੇ ਸ਼ੁਭ ਅਵਸਰ 'ਤੇ

ਲੱਖ-ਲੱਖ ਵਧਾਈਆਂ

ਸਕੈਨ ਕਰੋ

ਮੁੱਖ ਮੰਤਰੀ ਭਗਵੰਤ ਸਿੰਘ ਮਾਨ
ਦੇ ਵੱਟਸਐਪ ਚੈਨਲ ਨਾਲ ਜੁੜੋ



**ਭਗਵੰਤ ਸਿੰਘ ਮਾਨ**
ਮੁੱਖ ਮੰਤਰੀ, ਪੰਜਾਬ

ਸੂਚਨਾ ਅਤੇ ਲੋਕ ਸੰਪਰਕ ਵਿਭਾਗ, ਪੰਜਾਬ

# ਵਿਕਾਸ ਜਾਗ੍ਰਤੀ

**ਸੰਪਰਕ ਕਰਨ ਲਈ ਪਤਾ:**
ਵਿਕਾਸ ਜਾਗ੍ਰਤੀ, ਕਮਰਾ ਨੰ:1, ਪੰਜਵੀਂ ਮੰਜਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।
Phone Number: 0172-2740668
Email Id: punmagazine2020@gmail.com



| | | |
|---|---|---|
| **ਸੀ.ਈ.ਓ.** | - | ਵਿਮਲ ਕੁਮਾਰ ਸੇਤੀਆ (ਆਈ.ਏ.ਐਸ) |
| **ਡਿਪਟੀ ਡਾਇਰੈਕਟਰ** | - | ਮਨਵਿੰਦਰ ਸਿੰਘ |
| **ਐਡੀਟਰ** | - | ---- |
| **ਕੰਟੈਂਟ ਰਾਈਟਰ** | - | ਸਨਦੀਪ ਕੌਰ |
| **ਡਿਜ਼ਾਈਨਰ** | - | ਕਰਨ ਕੁਮਾਰ |
| **ਗ੍ਰਾਫਿਕ ਡਿਜ਼ਾਇਨਰ** | - | ਜਸਪਿੰਦਰ ਸਿੰਘ |
| **ਪ੍ਰਕਾਸ਼ਕ** | - | ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ |



ਪਰਚੇ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਗਏ ਵਿਚਾਰਾਂ ਨਾਲ ਪੰਜਾਬ ਸਰਕਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ। ਸੰਪਾਦਕ ਨੂੰ ਕਿਸੇ ਵੀ ਰਚਨਾ ਨੂੰ ਕੱਟਣ, ਛਾਂਟਣ ਜਾਂ ਰੱਦ ਕਰ ਦੇਣ ਦਾ ਪੂਰਾ ਅਧਿਕਾਰ ਹੈ। ਕਿਸੇ ਵੀ ਵਿਵਾਦ ਦੀ ਸੂਰਤ ਵਿੱਚ ਅਦਾਲਤੀ ਕਾਰਵਾਈ ਚੰਡੀਗੜ੍ਹ ਵਿੱਚ ਹੀ ਮੰਨਣਯੋਗ ਹੋਵੇਗੀ। ਵਿਮਲ ਕੁਮਾਰ ਸੇਤੀਆ, ਆਈ.ਏ.ਐਸ ਨੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਦੀ ਤਰਫੋਂ ਕਮਰਾ ਨੰਬਰ 1, ਪੰਜਵੀਂ ਮੰਜਿਲ, ਸਿਵਲ ਸਕੱਤਰੇਤ, ਚੰਡੀਗੜ੍ਹ ਤੋਂ ਸੰਪਾਦਿਤ ਅਤੇ ਜਾਰੀ ਕੀਤਾ।

ਮਾਰਚ - 2025
ਜਿਲਦ - 12 ਅੰਕ - 3



# ਤਿੰਨ ਵਰ੍ਹੇ ਮੁਕੰਮਲ, ਲਾਮਿਸਾਲ ਕਾਮਯਾਬੀ ਦਾ ਸਫਰ ਜਾਰੀ

## ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਬਦਲੀ ਨੁਹਾਰ

# ਤਿੰਨ ਵਰ੍ਹੇ ਮੁਕੰਮਲ, ਲਾਮਿਸਾਲ ਕਾਮਯਾਬੀ ਦਾ ਸਫ਼ਰ ਜਾਰੀ

# ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਦੀ ਬਦਲੀ ਨੁਹਾਰ

ਸਨਦੀਪ ਕੌਰ

## ਪੰਜਾਬ ਦੀ ਸਿੱਖਿਆ ਕ੍ਰਾਂਤੀ ਸਕੂਲ ਆਫ਼ ਐਮੀਨੈਂਸ

ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਪਿਛਲੇ ਤਿੰਨ ਸਾਲਾਂ ਤੋਂ ਸੂਬੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਯਤਨਸ਼ੀਲ ਹੈ। ਸਰਕਾਰ ਵੱਲੋਂ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਤੋਂ ਇਲਾਵਾ ਸਿੱਖਿਆ, ਸਿਹਤ, ਖੇਤੀਬਾੜੀ, ਉਦਯੋਗ, ਰੁਜ਼ਗਾਰ ਅਤੇ ਸਮਾਜ ਭਲਾਈ ਸਮੇਤ ਸਾਰੇ ਖੇਤਰਾਂ ਵਿੱਚ ਮਹੱਤਵਪੂਰਨ ਪਹਿਲਕਦਮੀਆਂ ਕੀਤੀਆਂ ਗਈਆਂ ਹਨ।

ਇਸ ਸਮੇਂ ਦੌਰਾਨ ਸੜਕਾਂ, ਟਰਾਂਸਪੋਰਟ ਅਤੇ ਸ਼ਹਿਰੀ ਵਿਕਾਸ ਨਾਲ ਸਬੰਧਤ ਕਈ ਵੱਡੇ ਪ੍ਰੋਜੈਕਟ ਪੂਰੇ ਕੀਤੇ ਗਏ ਹਨ, ਜਿਨ੍ਹਾਂ ਨਾਲ ਸੂਬੇ ਦਾ ਸਰਵਪੱਖੀ ਵਿਕਾਸ ਸੰਭਵ ਹੋਇਆ ਹੈ। ਸਿੱਖਿਆ ਦੇ ਖੇਤਰ ਦੇ ਮਿਆਰ ਨੂੰ ਉੱਚਾ ਚੁੱਕਣ ਅਤੇ ਨੌਜਵਾਨਾਂ ਨੂੰ ਕਿੱਤਾਮੁਖੀ ਸਿਖਲਾਈ ਪ੍ਰਦਾਨ ਕਰਨ ਲਈ ਕਈ ਨਵੀਆਂ ਸਕੀਮਾਂ ਲਾਗੂ ਕੀਤੀਆਂ ਗਈਆਂ ਹਨ।

ਸਿਹਤ ਖੇਤਰ ਵਿੱਚ ਸਰਕਾਰੀ ਹਸਪਤਾਲਾਂ ਨੂੰ ਆਧੁਨਿਕ ਸਹੂਲਤਾਂ ਨਾਲ ਲੈਸ ਕਰਕੇ ਆਮ ਲੋਕਾਂ ਨੂੰ ਬਿਹਤਰ ਮੈਡੀਕਲ ਸੇਵਾਵਾਂ ਪ੍ਰਦਾਨ ਕੀਤੀਆਂ ਗਈਆਂ ਹਨ। ਖੇਤੀ ਖੇਤਰ ਵਿੱਚ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਆਧੁਨਿਕ ਤਕਨੀਕਾਂ ਨੂੰ ਅਪਣਾਉਣ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ, ਤਾਂ ਜੋ ਖੇਤੀ ਨੂੰ ਹੋਰ ਲਾਹੇਵੰਦ ਬਣਾਇਆ ਜਾ ਸਕੇ।

ਇਸ ਤੋਂ ਇਲਾਵਾ, ਨਵੇਂ ਉਦਯੋਗਾਂ ਨੂੰ ਉਤਸ਼ਾਹਿਤ ਕਰਨ, ਨਿਵੇਸ਼ ਆਕਰਸ਼ਿਤ ਕਰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਵਧਾਉਣ ਲਈ ਵਿਆਪਕ ਯਤਨ ਕੀਤੇ ਗਏ ਹਨ। ਸੂਬਾ ਸਰਕਾਰ ਨੇ ਪਾਰਦਰਸ਼ੀ ਅਤੇ ਲੋਕ ਪੱਖੀ ਨੀਤੀਆਂ ਰਾਹੀਂ ਪ੍ਰਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਨੂੰ ਯਕੀਨੀ ਬਣਾਇਆ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਲੋਕਾਂ ਦੀ ਭਲਾਈ ਅਤੇ ਸੂਬੇ ਦੇ ਸਰਵਪੱਖੀ ਵਿਕਾਸ ਨੂੰ ਪਹਿਲ ਦੇ ਕੇ ਨਵੇਂ ਅਤੇ ਮਜ਼ਬੂਤ ਪੰਜਾਬ ਦੀ ਉਸਾਰੀ ਵੱਲ ਠੋਸ ਕਦਮ ਚੁੱਕੇ ਹਨ।





❝ ਮੈਂ ਪੀ.ਐਮ. ਸ਼੍ਰੀ ਸਰਕਾਰੀ (ਕੰ) ਸੀਨੀਅਰ ਸੈਕੰਡਰੀ ਸਕੂਲ ਰਾਹੋਂ ਦੀ ਗਿਆਰਵੀ ਜਮਾਤ ਦੀ ਵਿਦਿਆਰਥਣ ਹਾਂ। ਸਕੂਲ ਵਿੱਚ ਸਾਇੰਸ, ਕਮਰਸ ਅਤੇ ਆਰਟਸ ਤਿੰਨੇ ਗਰੁੱਪਾਂ ਦੀ ਪੜ੍ਹਾਈ ਕਰਵਾਉਣ ਦੇ ਨਾਲ-ਨਾਲ ਸ਼ਖਸੀਅਤ ਦੇ ਸਰਵਪੱਖੀ ਵਿਕਾਸ ਲਈ ਖੇਡਾਂ ਅਤੇ ਹੋਰ ਬਹੁਤ ਗਤੀਵਿਧੀਆਂ ਵੀ ਕਰਵਾਈਆਂ ਜਾਂਦੀਆਂ ਹਨ। ਸਕੂਲ ਵਿੱਚ ਛੇਵੀਂ ਤੋਂ ਅਠੱਵੀਂ ਤੱਕ ਦੇ ਬੱਚਿਆਂ ਨੂੰ ਸਰਕਾਰ ਵੱਲੋਂ ਬਹੁਤ ਹੀ ਸਵਾਦੀ ਤੇ ਵਧੀਆ ਖਾਣਾ ਮੁਹੱਈਆ ਕਰਵਾਇਆ ਜਾਂਦਾ ਹੈ। ❞

**ਨੰਦਨੀ ਸ਼ਰਮਾ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਅਗਵਾਈ ਹੇਠ ਪੰਜਾਬ ਸਰਕਾਰ ਨੇ 23 ਜ਼ਿਲ੍ਹਿਆਂ ਵਿੱਚ 118 ਐਮੀਨੈਂਸ ਸਕੂਲ ਸ਼ੁਰੂ ਕਰਕੇ ਸੂਬੇ ਦੀ ਸਿੱਖਿਆ ਪ੍ਰਣਾਲੀ ਵਿੱਚ ਕ੍ਰਾਂਤੀ ਲਿਆ ਦਿੱਤੀ ਹੈ। ਇਹ ਮਹੱਤਵਪੂਰਨ ਪਹਿਲ ਪੰਜਾਬ ਨੂੰ ਸਿੱਖਿਆ ਦੇ ਖੇਤਰ ਵਿੱਚ ਸਰਵੋਤਮ ਸੂਬਾ ਬਣਾਉਣ ਦੀ ਦਿਸ਼ਾ ਵਿੱਚ ਇੱਕ ਵੱਡਾ ਕਦਮ ਹੈ। 9ਵੀਂ ਤੋਂ 12ਵੀਂ ਜਮਾਤ ਦੇ ਵਿਦਿਆਰਥੀਆਂ ਲਈ ਤਿਆਰ ਕੀਤੇ ਗਏ ਇਹ ਸਕੂਲ ਵਿਸ਼ਵ ਪੱਧਰੀ ਸਿੱਖਿਆ ਪ੍ਰਦਾਨ ਕਰਨ ਅਤੇ ਵਿਦਿਆਰਥੀਆਂ ਨੂੰ 21ਵੀਂ ਸਦੀ ਦੀਆਂ ਚੁਣੌਤੀਆਂ ਲਈ ਤਿਆਰ ਕਰਨ ਦੇ ਉਦੇਸ਼ ਨਾਲ ਸਥਾਪਿਤ ਕੀਤੇ ਗਏ ਹਨ।

ਇਹ ਸਕੂਲ ਇੱਕ ਸਮੂਹਿਕ ਪਹੁੰਚ 'ਤੇ ਅਧਾਰਿਤ ਹਨ, ਜਿਸ ਨਾਲ ਸਾਰੇ ਸਮਾਜਿਕ-ਆਰਥਿਕ ਵਰਗਾਂ ਦੇ ਵਿਦਿਆਰਥੀਆਂ ਨੂੰ ਇੱਕ ਛੱਤ ਹੇਠ ਮਿਆਰੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਦਾ ਹੈ। ਇਹ ਸਕੂਲ ਅਤਿ-ਆਧੁਨਿਕ ਸਹੂਲਤਾਂ ਨਾਲ ਲੈਸ ਹਨ, ਜਿਨ੍ਹਾਂ ਵਿੱਚ ਸਮਾਰਟ ਕਲਾਸਰੂਮ, ਆਧੁਨਿਕ ਲਾਇਬ੍ਰੇਰੀਆਂ, ਉੱਨਤ ਵਿਗਿਆਨ ਅਤੇ ਕੰਪਿਊਟਰ ਪ੍ਰਯੋਗਸ਼ਾਲਾਵਾਂ ਅਤੇ ਵਧੀਆ ਖੇਡ ਮੈਦਾਨ ਸ਼ਾਮਿਲ ਹਨ। ਇਹ ਸਕੂਲ ਇਸ ਤਰੀਕੇ ਨਾਲ ਤਿਆਰ ਕੀਤੇ ਗਏ ਹਨ ਕਿ ਵਿਦਿਆਰਥੀ ਨਾ ਸਿਰਫ ਅਕਾਦਮਿਕ ਤੌਰ 'ਤੇ ਬੁਲੰਦੀਆਂ ਪ੍ਰਾਪਤ ਕਰਨ, ਸਗੋਂ ਮੁਕਾਬਲਾ ਪ੍ਰੀਖਿਆਵਾਂ ਅਤੇ ਸਿਲੇਬਸ ਤੋਂ ਬਾਹਰ ਦੀਆਂ ਗਤੀਵਿਧੀਆਂ ਵਿੱਚ ਵੀ ਸਫਲਤਾ ਪ੍ਰਾਪਤ ਕਰ ਸਕਣ।

ਸਿੱਖਿਆ ਤੱਕ ਪਹੁੰਚ ਨੂੰ ਸੌਖਾ ਬਣਾਉਣ ਲਈ, ਪੰਜਾਬ ਸਰਕਾਰ ਨੇ ਬੱਸ ਸੇਵਾਵਾਂ ਵੀ ਸ਼ੁਰੂ ਕੀਤੀਆਂ ਹਨ ਤਾਂ ਜੋ ਦੂਰ-ਦੁਰਾਡੇ ਅਤੇ ਪੇਂਡੂ ਖੇਤਰਾਂ ਦੇ ਵਿਦਿਆਰਥੀ ਇਨ੍ਹਾਂ ਸਕੂਲਾਂ ਵਿੱਚ ਆਸਾਨੀ ਨਾਲ ਆ-ਜਾ ਸਕਣ। ਇਹ ਪਹਿਲ ਸਿੱਖਿਆ ਦੇ ਰਾਹ ਵਿੱਚ ਆਉਣ ਵਾਲੀਆਂ ਰੁਕਾਵਟਾਂ ਨੂੰ ਦੂਰ ਕਰਦੀ ਹੈ ਅਤੇ ਸਾਰਿਆਂ ਨੂੰ ਬਰਾਬਰ ਦੇ ਮੌਕੇ ਪ੍ਰਦਾਨ ਕਰਦੀ ਹੈ।

ਇਨ੍ਹਾਂ ਸਕੂਲਾਂ ਦੀ ਸਥਾਪਨਾ ਭਵਿੱਖ ਲਈ ਸੁਲਝੇ ਹੋਏ ਨਾਗਰਿਕ ਬਣਾਉਣ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ ਜੋ ਤੇਜ਼ੀ ਨਾਲ ਬਦਲ ਰਹੀ ਦੁਨੀਆ ਵਿੱਚ ਸਫਲ ਹੋ ਸਕਦੇ ਹਨ। ਸਮੁੱਚੇ ਵਿਕਾਸ ਉੱਤੇ ਧਿਆਨ ਕੇਂਦ੍ਰਿਤ ਕਰਦੇ ਹੋਏ, ਇਹ ਸਕੂਲ ਆਫ ਐਮੀਨੈਂਸ ਵਿਦਿਆਰਥੀਆਂ ਵਿੱਚ ਆਲੋਚਨਾਤਮਕ ਸੋਚ, ਰਚਨਾਤਮਕਤਾ ਅਤੇ ਨਵੀਨਤਾ ਨੂੰ ਉਤਸ਼ਾਹਿਤ



ਕਰਨ ਲਈ ਤਿਆਰ ਕੀਤੇ ਗਏ ਹਨ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸਿੱਖਿਆ ਨੂੰ ਸਭ ਤੋਂ ਵੱਧ ਤਰਜੀਹ ਦੇ ਕੇ ਹੋਰ ਰਾਜਾਂ ਲਈ ਨਵੀਂ ਮਿਸਾਲ ਕਾਇਮ ਕੀਤੀ ਹੈ। ਇਨ੍ਹਾਂ ਪਰਿਵਰਤਨਕਾਰੀ ਪਹਿਲਕਦਮੀਆਂ ਨਾਲ ਪੰਜਾਬ ਸਿੱਖਿਆ ਦਾ ਇੱਕ ਵੱਡਾ ਕੇਂਦਰ ਬਣਨ ਲਈ ਤਿਆਰ ਹੈ ਜੋ ਆਪਣੇ ਨੌਜਵਾਨਾਂ ਨੂੰ ਰਾਜ ਅਤੇ ਦੇਸ਼ ਦੇ ਉੱਜਵਲ ਭਵਿੱਖ ਦੀ ਅਗਵਾਈ ਕਰਨ ਲਈ ਸਮਰੱਥ ਬਣਾਉਂਦਾ ਹੈ। ਸਕੂਲ ਆਫ ਐਮੀਨੈਂਸ ਸਿਰਫ਼ ਵਿੱਦਿਅਕ ਸੰਸਥਾਵਾਂ ਹੀ ਨਹੀਂ ਹਨ ਸਗੋਂ ਗਿਆਨ ਅਧਾਰਿਤ ਸਮਾਜ ਦੀ ਉਸਾਰੀ ਪ੍ਰਤੀ ਪੰਜਾਬ ਦੀ ਵਚਨਬੱਧਤਾ ਦਾ ਸਬੂਤ ਹਨ।



❝ ਮੈਂ ਹਰਕਿਰਤ ਕੌਰ ਸਰਕਾਰੀ ਸਕੂਲ ਭਕਨਾਂ ਕਲਾਂ ਦੀ ਸਾਇੰਸ ਵਿਸ਼ੇ ਦੀ ਵਿਦਿਆਰਥਣ ਹਾਂ ਸਾਡੇ ਸਕੂਲ ਵਿੱਚ ਸਿੱਖਿਆ ਦੇ ਪੱਧਰ ਵਿੱਚ ਕਾਫ਼ੀ ਸੁਧਾਰ ਹੋਇਆ ਹੈ ਅਤੇ ਸਕੂਲ ਵਿੱਚ ਬੱਚਿਆਂ ਦੇ ਬੈਠਣ ਲਈ ਨਵਾਂ ਫਰਨੀਚਰ, ਸਾਇੰਸ ਲੈਬਾਰਟਰੀ ਵੀ ਨਵੀਂ ਬਣੀ ਹੈ। ਅਸੀਂ ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਜੀ ਦੇ ਬਹੁਤ ਧੰਨਵਾਦੀ ਹਾਂ ਜਿਨਾਂ ਨੇ ਸਕੂਲੀ ਸਿੱਖਿਆ ਦੇ ਪੱਧਰ ਨੂੰ ਕਾਫ਼ੀ ਉੱਚਾ ਚੁਕਿਆ ਹੈ। ❞

**ਹਰਕਿਰਤ ਕੌਰ**

# ਪਿੰਡ ਤੋਂ ਸ਼ਹਿਰ ਤੱਕ:
# ਮੁਫ਼ਤ ਇਲਾਜ ਨਾਲ ਜ਼ਿੰਦਗੀਆਂ ਬਦਲ ਰਹੇ ਪੰਜਾਬ ਦੇ ਆਮ ਆਦਮੀ ਕਲੀਨਿਕ

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਕਲੀਨਿਕ ਸ਼ੁਰੂ ਕੀਤੇ ਹਨ ਤਾਂ ਜੋ ਲੋਕਾਂ ਨੂੰ ਸਸਤੀਆਂ ਅਤੇ ਮਿਆਰੀ ਸਿਹਤ ਸੇਵਾਵਾਂ ਮੁਹੱਈਆ ਕਰਵਾਈਆਂ ਜਾ ਸਕਣ। ਇਹ ਕਲੀਨਿਕ ਵਿਸ਼ੇਸ਼ ਤੌਰ 'ਤੇ ਪੇਂਡੂ ਅਤੇ ਸ਼ਹਿਰੀ ਖੇਤਰਾਂ ਵਿੱਚ ਮੁਫਤ ਅਤੇ ਉੱਚ ਗੁਣਵੱਤਾ ਵਾਲੀਆਂ ਡਾਕਟਰੀ ਸਹੂਲਤਾਂ ਪ੍ਰਦਾਨ ਕਰਨ ਲਈ ਖੋਲ੍ਹੇ ਗਏ ਹਨ।

ਹੁਣ ਤੱਕ ਪੂਰੇ ਪੰਜਾਬ ਵਿੱਚ ਕੁੱਲ 881 ਆਮ ਆਦਮੀ ਕਲੀਨਿਕ ਸਥਾਪਿਤ ਕੀਤੇ ਜਾ ਚੁੱਕੇ ਹਨ। ਇਹ ਕਲੀਨਿਕ ਨਾ ਸਿਰਫ ਮੁਫਤ ਅਤੇ ਬਿਹਤਰ ਡਾਕਟਰੀ ਇਲਾਜ ਪ੍ਰਦਾਨ ਕਰਦੇ ਹਨ, ਸਗੋਂ ਮਰੀਜ਼ਾਂ ਨੂੰ ਬਿਨਾਂ ਕਿਸੇ ਖਰਚੇ ਦੇ 38 ਕਿਸਮਾਂ ਦੇ ਡਾਇਗਨੌਸਟਿਕ ਟੈਸਟ ਅਤੇ 80 ਵੱਖ-ਵੱਖ ਦਵਾਈਆਂ ਵੀ ਪ੍ਰਦਾਨ ਕਰਦੇ ਹਨ। ਇਹ ਸੇਵਾਵਾਂ ਵਿਸ਼ੇਸ਼ ਤੌਰ 'ਤੇ ਉਨ੍ਹਾਂ ਲੋਕਾਂ ਦੀਆਂ ਜ਼ਰੂਰਤਾਂ ਨੂੰ ਧਿਆਨ ਵਿੱਚ ਰੱਖ ਕੇ ਤਿਆਰ ਕੀਤੀਆਂ ਗਈਆਂ ਹਨ ਜੋ ਮਹਿੰਗੇ ਪ੍ਰਾਈਵੇਟ ਹਸਪਤਾਲਾਂ





❝ ਆਮ ਆਦਮੀ ਕਲੀਨਿਕ ਵਿੱਚ ਆਪਣਾ ਇਲਾਜ ਕਰਵਾਉਣ ਆਈ। ਉਨ੍ਹਾਂ ਨੂੰ ਖਾਰਿਸ਼ ਦੀ ਸਮੱਸਿਆ ਸੀ। ਇੱਥੇ ਉਨ੍ਹਾਂ ਨੂੰ ਵਧੀਆ ਇਲਾਜ ਅਤੇ ਦਵਾਈ ਮਿਲੀ, ਜਿਸ ਨਾਲ ਉਹ ਹੁਣ ਬਿਹਤਰ ਮਹਿਸੂਸ ਕਰ ਰਹੀ ਹਨ। ਉਹ ਆਮ ਆਦਮੀ ਕਲੀਨਿਕ ਦੀ ਸੁਵਿਧਾ ਅਤੇ ਪੰਜਾਬ ਸਰਕਾਰ ਦੇ ਉੱਦਮ ਤੋਂ ਬਹੁਤ ਖੁਸ਼ ਹਨ ਅਤੇ ਦਿਲੋਂ ਧੰਨਵਾਦ ਕਰਦੀ ਹਨ। ਪੰਜਾਬ ਸਰਕਾਰ ਵੱਲੋਂ ਲੋਕਾਂ ਲਈ ਇਹ ਸ਼ਾਨਦਾਰ ਉਪਰਾਲਾ ਕਾਬਿਲ-ਏ-ਤਾਰੀਫ਼ ਹੈ! ❞

**ਕਿਰਨਦੀਪ ਕੌਰ, ਪਿੰਡ ਰਾਮਪੁਰ**



❝ ਮੈਨੂੰ ਸਾਹ ਲੈਣ ਵਿੱਚ ਬਹੁਤ ਪਰੇਸ਼ਾਨੀ ਸੀ। ਅਤੇ ਅਸਥਮਾਂ ਦੀ ਸ਼ਿਕਾਇਤ ਹੋਈ ਸੀ ਆਮ ਆਦਮੀ ਕਲੀਨਿਕ ਵਿੱਚ ਮੇਰੇ ਸਾਰੇ ਟੈਸਟ ਹੋਏ ਅਤੇ ਮੈਨੂੰ ਦਵਾਈ ਦਿੱਤੀ ਗਈ ਅਤੇ ਹੁਣ ਮੈਨੂੰ ਇਸ ਤਕਲੀਫ ਤੋਂ ਬਹੁਤ ਰਾਹਤ ਮਿਲੀ ਹੈ। ਅਤੇ ਦਵਾਈਆਂ ਵੀ ਘਰ ਦੇ ਨੇੜੇ ਹੀ ਕਲੀਨਿਕ ਵਿੱਚੋਂ ਮਿਲ ਜਾਂਦੀਆਂ ਹਨ ❞

**ਰਾਜੇਸ਼ ਕੌਸ਼ਲ**

ਵਿੱਚ ਇਲਾਜ ਕਰਵਾਉਣ ਦੇ ਯੋਗ ਨਹੀਂ ਹਨ।

ਆਮ ਆਦਮੀ ਕਲੀਨਿਕਾਂ ਵਿੱਚ ਮਰੀਜ਼ਾਂ ਦਾ ਰਿਕਾਰਡ ਇੱਕ ਆਨਲਾਈਨ ਪ੍ਰਣਾਲੀ ਰਾਹੀਂ ਰੱਖਿਆ ਜਾਂਦਾ ਹੈ, ਜੋ ਇਲਾਜ ਪ੍ਰਕਿਰਿਆ ਅਤੇ ਉਸਤੋਂ ਚੈੱਕਅੱਪ ਦੇਖਭਾਲ ਨੂੰ ਆਸਾਨ ਬਣਾਉਂਦਾ ਹੈ। ਹੁਣ ਤੱਕ 2.58 ਕਰੋੜ ਤੋਂ ਵੱਧ ਲੋਕਾਂ ਨੇ ਇਨ੍ਹਾਂ ਕਲੀਨਿਕਾਂ ਦੀਆਂ ਸੇਵਾਵਾਂ ਦਾ ਲਾਭ ਉਠਾਇਆ ਹੈ।

ਇਹ ਕਲੀਨਿਕ ਉਨ੍ਹਾਂ ਲੋਕਾਂ ਲਈ ਉਮੀਦ ਦੀ ਕਿਰਨ ਵਜੋਂ ਉੱਭਰੇ ਹਨ ਜੋ ਦੂਰ-ਦੁਰਾਡੇ ਦੇ ਖੇਤਰਾਂ ਵਿੱਚ ਰਹਿੰਦੇ ਹਨ ਅਤੇ ਮਹਿੰਗੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਕਰਵਾਉਣ ਵਿੱਚ ਅਸਮਰੱਥ ਹਨ। ਪੰਜਾਬ ਸਰਕਾਰ ਦੀ ਇਹ ਪਹਿਲ ਮੁਫ਼ਤ ਅਤੇ ਸਮੁੱਚੀਆਂ ਮੈਡੀਕਲ ਸੇਵਾਵਾਂ ਮੁਹੱਈਆ ਕਰਵਾ ਕੇ ਸਿਹਤ ਸੇਵਾਵਾਂ ਦੇ ਪਾੜੇ ਨੂੰ ਦੂਰ ਕਰਨ ਵਿੱਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਆਮ ਆਦਮੀ ਕਲੀਨਿਕਾਂ ਦੇ ਨਿਰੰਤਰ ਵਿਸਤਾਰ ਨਾਲ, ਇਹ ਉਮੀਦ ਕੀਤੀ ਜਾਂਦੀ ਹੈ ਕਿ ਵਧੇਰੇ ਲੋਕ ਇਨ੍ਹਾਂ ਮਹੱਤਵਪੂਰਨ ਸਿਹਤ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰਨ ਦੇ ਯੋਗ ਹੋਣਗੇ, ਜਿਸ ਨਾਲ ਸਮੁੱਚੇ ਭਾਈਚਾਰੇ ਦੀ ਸਿਹਤ ਵਿੱਚ ਸੁਧਾਰ ਹੋਵੇਗਾ।

ਇਹ ਪਹਿਲ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਸਾਰੇ ਨਾਗਰਿਕਾਂ ਨੂੰ ਉਨ੍ਹਾਂ ਦੀ ਆਰਥਿਕ ਸਥਿਤੀ ਜਾਂ ਭੂਗੋਲਿਕ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਸਿਹਤ ਸੇਵਾਵਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਮੁਫਤ ਤੇ ਮਿਆਰੀ ਸਿਹਤ ਸੇਵਾਵਾਂ ਪ੍ਰਦਾਨ ਕਰਕੇ, ਆਮ ਆਦਮੀ ਕਲੀਨਿਕ ਪੰਜਾਬ ਵਿੱਚ ਜਨਤਕ ਸਿਹਤ ਸੇਵਾਵਾਂ ਲਈ ਨਵਾਂ ਮਾਪਦੰਡ ਸਥਾਪਿਤ ਕਰ ਰਹੇ ਹਨ। ਇਹ ਸਿਰਫ਼ ਸਿਹਤ ਕੇਂਦਰ ਹੀ ਨਹੀਂ ਹਨ, ਸਗੋਂ ਆਪਣੇ ਨਾਗਰਿਕਾਂ ਦੀ ਭਲਾਈ ਪ੍ਰਤੀ ਸਰਕਾਰ ਦੇ ਸਮਰਪਣ ਦਾ ਪ੍ਰਤੀਕ ਹਨ। ਇਸ ਪਹਿਲਕਦਮੀ ਰਾਹੀਂ ਪੰਜਾਬ ਇਹ ਯਕੀਨੀ ਬਣਾ ਰਿਹਾ ਹੈ ਕਿ ਮਿਆਰੀ ਸਿਹਤ ਸੰਭਾਲ ਵਿਸ਼ੇਸ਼ ਅਧਿਕਾਰ ਨਹੀਂ ਸਗੋਂ ਹਰੇਕ ਵਿਅਕਤੀ ਦਾ ਮੌਲਿਕ ਅਧਿਕਾਰ ਹੈ, ਜਿਸ ਨਾਲ ਸਾਰਿਆਂ ਲਈ ਸਿਹਤਮੰਦ ਅਤੇ ਉੱਜਵਲ ਭਵਿੱਖ ਦਾ ਰਾਹ ਪੱਧਰਾ ਹੋ ਰਿਹਾ ਹੈ।



# ਪੰਜਾਬ ਦੇ ਨੌਜਵਾਨਾਂ ਦਾ ਸਸ਼ਕਤੀਕਰਨ
# 36 ਮਹੀਨਿਆਂ ਵਿੱਚ 51,655 ਸਰਕਾਰੀ ਨੌਕਰੀਆਂ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿਰਫ਼ 36 ਮਹੀਨਿਆਂ ਵਿੱਚ ਹੀ 51655 ਨੌਜਵਾਨਾਂ ਨੂੰ ਸਰਕਾਰੀ ਨੌਕਰੀਆਂ ਦਿੱਤੀਆਂ ਹਨ। ਇਸ ਕ੍ਰਾਂਤੀਕਾਰੀ ਪਹਿਲਕਦਮੀ ਨੇ ਨਾ ਸਿਰਫ ਬੇਰੁਜ਼ਗਾਰੀ ਦੀ ਸਮੱਸਿਆ ਦਾ ਹੱਲ ਕੀਤਾ ਹੈ ਸਗੋਂ ਵੱਖ-ਵੱਖ ਵਿਭਾਗਾਂ ਵਿੱਚ ਖਾਲੀ ਅਸਾਮੀਆਂ ਨੂੰ ਭਰ ਕੇ ਪੰਜਾਬ ਦੀ ਕਾਰਜ ਸਮਰੱਥਾ ਨੂੰ ਵੀ ਮਜ਼ਬੂਤ ਕੀਤਾ ਹੈ।

ਪਾਰਦਰਸ਼ਿਤਾ ਅਤੇ ਨਿਰਪੱਖਤਾ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੇ ਇਹ ਯਕੀਨੀ ਬਣਾਇਆ ਹੈ ਕਿ ਨੌਕਰੀਆਂ ਬਿਨਾਂ ਕਿਸੇ ਭੇਦਭਾਵ ਦੇ ਪੂਰੀ ਤਰ੍ਹਾਂ ਯੋਗਤਾ ਦੇ ਅਧਾਰ 'ਤੇ ਦਿੱਤੀਆਂ ਜਾਣ। ਇਸ ਇਮਾਨਦਾਰ ਭਰਤੀ ਪ੍ਰਕਿਰਿਆ ਨੇ ਨੌਜਵਾਨਾਂ ਦਾ ਵਿਸ਼ਵਾਸ ਵਧਾਇਆ ਹੈ, ਜਿਸ ਨਾਲ ਉਹ ਵਿਦੇਸ਼ਾਂ ਵਿੱਚ ਮੌਕਿਆਂ ਦੀ ਭਾਲ ਕਰਨ ਦੀ ਬਜਾਏ ਪੰਜਾਬ ਵਿੱਚ ਹੀ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਹੋਏ ਹਨ।

ਪੰਜਾਬ ਸਰਕਾਰ ਨੇ ਹਜ਼ਾਰਾਂ ਨੌਜਵਾਨਾਂ ਨੂੰ ਸਥਾਈ ਰੁਜ਼ਗਾਰ ਮੁਹੱਈਆ ਕਰਵਾ ਕੇ ਨਾ ਸਿਰਫ ਉਨ੍ਹਾਂ ਦੇ ਭਵਿੱਖ ਨੂੰ ਸੁਰੱਖਿਅਤ ਕੀਤਾ ਹੈ ਸਗੋਂ ਉਨ੍ਹਾਂ ਨੂੰ ਰਾਜ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਸਰਗਰਮ ਯੋਗਦਾਨ ਪਾਉਣ ਦਾ ਅਧਿਕਾਰ ਵੀ ਦਿੱਤਾ ਹੈ। ਇਹ ਪਹਿਲ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਇੱਕ ਆਤਮਨਿਰਭਰ ਅਤੇ ਖੁਸ਼ਹਾਲ ਪੰਜਾਬ ਬਣਾਉਣ ਦੇ



❝ ਮੇਰੇ ਵਲੋਂ ਸ਼ਿਵ ਐਜੁਕੇਸ਼ਨ ਸੁਸਾਇਟੀ ਵਿਭਾਗ ਤੋਂ ਸੇਵਾ ਪ੍ਰਾਪਤ ਕੀਤੀ ਗਈ ਹੈ, ਜਿਸ ਤੋਂ ਮੈਂ ਪੂਰੀ ਤਰ੍ਹਾਂ ਸੰਤੁਸ਼ਟ ਹਾਂ। ਇਸ ਸਬੰਧੀ ਮੇਰਾ ਤਜ਼ਰਬਾ ਕਿਸੇ ਵੀ ਅਖ਼ਬਾਰ/ਰਸਾਲੇ/ਪੰਜਾਬ ਸਰਕਾਰ ਦੀ ਵੈਬਸਾਈਟ 'ਤੇ ਪ੍ਰਕਾਸ਼ਿਤ ਕੀਤਾ ਜਾ ਸਕਦਾ ਹੈ। ਮੈਨੂੰ ਇਸ ਸਬੰਧੀ ਕੋਈ ਇਤਰਾਜ਼ ਨਹੀਂ ਹੈ। ❞

**ਕਵਲਜੀਤ ਕੌਰ ਸ਼ਹਿਰ ਜਲੰਧਰ**



ਦ੍ਰਿਸ਼ਟੀਕੋਣ ਨੂੰ ਦਰਸਾਉਂਦੀ ਹੈ ਜਿੱਥੇ ਨੌਜਵਾਨਾਂ ਦੀ ਮਹੱਤਵਪੂਰਨ ਭੂਮਿਕਾ ਹੈ।

ਇਸ ਰੋਜ਼ਗਾਰ ਮੁਹਿੰਮ ਦਾ ਪ੍ਰਭਾਵ ਵਿਆਪਕ ਹੈ। ਨੌਜਵਾਨ ਹੁਣ ਨਵੀਂ ਉਮੀਦ ਅਤੇ ਦ੍ਰਿੜ ਇਰਾਦੇ ਨਾਲ ਸਰਕਾਰੀ ਨੌਕਰੀਆਂ ਦੀ ਤਿਆਰੀ ਕਰ ਰਹੇ ਹਨ, ਕਿਉਂਕਿ ਉਨ੍ਹਾਂ ਨੂੰ ਭਰੋਸਾ ਹੈ ਕਿ ਉਨ੍ਹਾਂ ਦੇ ਸੁਪਨੇ ਪੂਰੇ ਹੋ ਸਕਦੇ ਹਨ। ਇਸ ਦੇ ਨਤੀਜੇ ਵਜੋਂ 'ਬ੍ਰੇਨ ਡਰੇਨ' ਦੇ ਰੁਝਾਨ ਵਿੱਚ ਵੀ ਕਮੀ ਆਈ ਹੈ ਕਿਉਂਕਿ ਵਧੇਰੇ ਪ੍ਰਤਿਭਾਸ਼ਾਲੀ ਨੌਜਵਾਨ ਹੁਣ ਇੱਥੇ ਹੀ ਕਰੀਅਰ ਬਣਾਉਣ ਦਾ ਫੈਸਲਾ ਕਰ ਰਹੇ ਹਨ।





❝ ਮੈਂ ਕਾਫੀ ਸਮੇਂ ਤੋਂ ਇੱਕ ਚੰਗੀ ਨੌਕਰੀ ਦੀ ਤਲਾਸ਼ ਕਰ ਰਿਹਾ ਸੀ। ਮੈਨੂੰ ਜਿਲ੍ਹਾ ਬਿਉਰੋ ਆਫ ਰੋਜ਼ਗਾਰ ਦਫਤਰ, ਲੁਧਿਆਣਾ ਦੇ ਟੈਲੀਗ੍ਰਾਮ ਚੈਨਲ ਦਾ ਪੱਤਾ ਲੱਗਿਆ। ਮੈਂ ਟੈਲੀਗ੍ਰਾਮ ਚੈਨਲ ਤੇ ਰੋਜ਼ਗਾਰ ਦਫਤਰ ਲੁਧਿਆਣਾ ਦਾ ਗਰੁੱਪ ਜੁਆਇੰਨ ਕੀਤਾ, ਜਿਥੋਂ ਮੈਨੂੰ ਪਲੇਸਮੈਂਟ ਕੈਂਪ ਦਾ ਪਤਾ ਲੱਗਿਆ। ਮੈਂ ਜਿਲ੍ਹਾ ਬਿਉਰੋ ਆਫ ਰੋਜ਼ਗਾਰ ਦਫਤਰ, ਲੁਧਿਆਣਾ ਵਿਖੇ ਵਿਜਿਟ ਕੀਤਾ। ਮੈਨੂੰ ਰੋਜ਼ਗਾਰ ਦਫਤਰ, ਲੁਧਿਆਣਾ ਵਿਖੇ ਦਿੱਤੀ ਜਾਣ ਵਾਲੀ ਸਹੂਲਤਾਂ ਬਾਰੇ ਸਾਰੀ ਜਾਣਕਾਰੀ ਮਿਲੀ ਅਤੇ ਮੈਂ ਪਲੇਸਮੈਂਟ ਕੈਂਪ ਵਿੱਚ ਭਾਗ ਲਿਆ, ਮੈਂ ਪਲੇਸਮੈਂਟ ਅਫਸਰ ਨੂੰ ਮਿਲਿਆ । ਉਨ੍ਹਾਂ ਨੇ RAYAT & BHARA UNIVERSITY ਵਿੱਚ ਮੇਰਾ ਇੰਟਰਵਿਊ ਕਰਵਾਇਆ। ਮੈਂ ਇਸ ਯੁਨੀਵਰਸਿਟੀ ਵਿੱਚ ਬਤੌਰ TRAINING & PLACEMENT OFFICER ਸਲੈਕਟ ਹੋ ਗਿਆ।ਪਲੇਸਮੈਂਟ ਅਫਸਰ ਨੇ ਮੈਨੂੰ ਚੰਗੀ ਤਰ੍ਹਾਂ ਗਾਈਡ ਕੀਤਾ ਅਤੇ ਮੇਰਾ ਇੰਟਰਵਿਊ ਕਰਵਾਇਆ । ਮੈਂ ਬਹੁਤ ਹੀ ਖੁਸ਼ ਹਾਂ ਕਿ ਜਿਸ ਤਰ੍ਹਾਂ ਦੀ ਨੌਕਰੀ ਮੈਂ ਕਰਨਾ ਚਾਹੁੰਦਾ ਸੀ ਮੈਨੂੰ ਉਸੇ ਤਰ੍ਹਾਂ ਦੀ ਨੌਕਰੀ ਪ੍ਰਾਪਤ ਹੋ ਗਈ ਹੈ । ਮੈਂ ਇਸ ਨੌਕਰੀ ਲਈ ਜਿਲ੍ਹਾ ਰੋਜਗਾਰ ਅਤੇ ਕਾਰੋਬਾਰ ਬਿਉਰੋ,ਲੁਧਿਆਣਾ ਦਾ ਧੰਨਵਾਦ ਕਰਦਾ ਹਾਂ। ❞

**ਮਨਮੀਤ ਬੈਂਸ, ਮਾਡਲ ਟਾਊਨ ਲੁਧਿਆਣਾ**

ਨੌਜਵਾਨਾਂ ਨੂੰ ਤਰਜੀਹ ਦੇਣ ਦੀ ਪੰਜਾਬ ਸਰਕਾਰ ਦੀ ਇਹ ਪਹਿਲ ਦੂਜੇ ਰਾਜਾਂ ਲਈ ਵੀ ਇੱਕ ਮਿਸਾਲ ਬਣ ਰਹੀ ਹੈ। ਆਪਣੀ ਨੌਜਵਾਨ ਪੀੜ੍ਹੀ ਵਿੱਚ ਨਿਵੇਸ਼ ਕਰਕੇ, ਪੰਜਾਬ ਇੱਕ ਉੱਜਵਲ ਅਤੇ ਬਿਹਤਰ ਭਵਿੱਖ ਦੀ ਨੀਂਹ ਰੱਖ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਇਹ ਸਿੱਧ ਕਰ ਰਿਹਾ ਹੈ ਕਿ ਚੰਗਾ ਸ਼ਾਸਨ ਅਤੇ ਲੋਕ ਪੱਖੀ ਨੀਤੀਆਂ ਲੋਕਾਂ ਦੇ ਜੀਵਨ ਨੂੰ ਬਦਲ ਸਕਦੀਆਂ ਹਨ ਅਤੇ ਨਾਗਰਿਕਾਂ ਦੀ ਅਸਲ ਸਮਰੱਥਾ ਨੂੰ ਉਜਾਗਰ ਕਰ ਸਕਦੀਆਂ ਹਨ।



❝ ਮੈਂ ਪ੍ਰਿੰਟਿੰਗ ਪ੍ਰੈਸ ਦਾ ਕੰਮ ਸਿੱਖਿਆ ਹੋਇਆ ਹੈ ਪਰ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਰਕੇ ਮੈਂ ਆਪਣਾ ਕੰਮ ਨਹੀਂ ਖੋਲ ਪਾ ਰਿਹਾ ਸੀ। ਇਸ ਦੌਰਾਨ ਮੇਰਾ ਸੰਪਰਕ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਦਫ਼ਤਰ ਪਠਾਨਕੋਟ ਨਾਲ ਸੰਪਰਕ ਹੋਇਆ। ਜਿੰਨ੍ਹਾਂ ਵੱਲੋਂ ਚੱਲਾਈਆਂ ਜਾ ਰਹੀਆਂ ਸਕੀਮਾਂ ਦੌਰਾਨ ਜਾਗਰੂਕ ਕੀਤਾ ਅਤੇ ਮੈਨੂੰ ਦੋ ਲੱਖ ਰੁਪਏ ਦਾ ਲੋਨ ਮੁਹਈਆ ਕਰਵਾਇਆ। ❞

**ਗੋਲਡੀ ਪੁੱਤਰ ਸ਼੍ਰੀ ਰਾਮਗੋਪਾਲ, ਮੁੱਦੇ ਖਾਨਪੁਰ ਪਠਾਨਕੋਟ**




# ਸੜਕ ਸੁਰੱਖਿਆ ਫੋਰਸ
# ਹਾਦਸਿਆਂ ਦੇ ਪੀੜਤਾਂ ਲਈ ਸਭ ਤੋਂ ਵੱਡਾ ਸਹਾਰਾ

ਸੜਕ ਹਾਦਸਿਆਂ ਨੂੰ ਘਟਾਉਣ ਅਤੇ ਕੀਮਤੀ ਜਾਨਾਂ ਬਚਾਉਣ ਦੀ ਦਿਸ਼ਾ ਵਿੱਚ ਇਤਿਹਾਸਕ ਕਦਮ ਚੁੱਕਦਿਆਂ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਿਸ਼ੇਸ਼ ਸੜਕ ਸੁਰੱਖਿਆ ਫੋਰਸ ਦਾ ਗਠਨ ਕੀਤਾ ਹੈ। 1 ਫਰਵਰੀ, 2024 ਨੂੰ ਸ਼ੁਰੂ ਕੀਤੀ ਗਈ ਇਹ ਫੋਰਸ 5,500 ਕਿਲੋਮੀਟਰ ਸੂਬੇ ਦੇ ਰਾਜ ਅਤੇ ਰਾਸ਼ਟਰੀ ਮਾਰਗਾਂ 'ਤੇ ਗਸ਼ਤ ਕਰ ਰਹੀ ਹੈ, ਦੁਰਘਟਨਾਵਾਂ ਦਾ ਮੌਕੇ ਤੁਰੰਤ ਕਾਰਵਾਈ ਕਰਦੀ ਹੈ ਅਤੇ ਪੀੜਤਾਂ ਨੂੰ ਲੋੜੀਂਦੀ ਸਹਾਇਤਾ ਪ੍ਰਦਾਨ ਕਰਦੀ ਹੈ।

**ਦੁਰਘਟਨਾਵਾਂ ਵਿੱਚ ਤੁਰੰਤ ਸਹਾਇਤਾ ਪ੍ਰਦਾਨ ਕਰਨ ਅਤੇ ਜਾਨਾਂ ਬਚਾਉਣ ਲਈ ਮਿਸ਼ਨ**



“ ਮੈਂ ਪਿਆਰਾ ਸਿੰਘ ਵਾਸੀ ਜੌਂਦ ਮੈਂ ਡੇਅਰੀ ਤੇ ਦੁੱਧ ਪਾਉਣ ਜਾ ਰਿਹਾ ਸੀ ਰਸਤੇ ਵਿੱਚ ਮੇਰਾ ਐਕਸੀਡੈਂਟ ਹੋ ਗਿਆ ਸੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਜੀ ਦੁਆਰਾ ਚਲਾਈ ਗਈ ਸਕੀਮ ਸੜਕ ਸੁਰੱਖਿਆ ਫੋਰਸ ਨੇ ਮੈਨੂੰ ਹਸਪਤਾਲ ਪਹੁੰਚਾਇਆ ਜਿਸ ਕਾਰਨ ਮੇਰੀ ਜਾਨ ਬਚ ਗਈ ਮੈਂ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੁਆਰਾ ਚਲਾਈ ਸਕੀਮ ਦਾ ਬਹੁਤ ਧੰਨਵਾਦੀ ਹਾਂ। ”

**ਪਿਆਰਾ ਸਿੰਘ**





"ਸਾਡੀ ਕਾਰ ਸਰਹਿੰਦ ਮੁਹਾਲੀ ਸੜਕ ਉੱਤੇ ਭੂਰੇ ਦੇ ਢਾਬੇ ਦੇ ਨੇੜੇ ਹਾਦਸੇ ਦਾ ਸ਼ਿਕਾਰ ਹੋ ਗਈ ਸੀ ਜਿਸ ਵਿੱਚ ਮੈਂ ਜ਼ਖਮੀ ਹੋ ਗਈ ਸੀ ਐਸ.ਐਸ.ਐਫ ਵੱਲੋਂ ਮੈਨੂੰ ਸਮੇਂ ਸਿਰ ਮੁੱਢਲੀ ਸਹਾਇਤਾ ਦੇ ਕੇ ਹਸਪਤਾਲ ਦਾਖਲ ਕਰਵਾਇਆ ਗਿਆ ਜਿਸ ਨਾਲ ਮੇਰੀ ਜਿੰਦਗੀ ਦਾ ਬਚਾਅ ਹੋਇਆ। ਮੈਂ ਐਸ.ਐਸ.ਐਫ ਅਤੇ ਪੰਜਾਬ ਸਰਕਾਰ ਦੀ ਧੰਨਵਾਦੀ ਹਾਂ।"

**ਦਲਵਿੰਦਰ ਕੌਰ, ਸਰਹਿੰਦ ਜ਼ਿਲ੍ਹਾ ਫਤਹਿਗੜ੍ਹ ਸਾਹਿਬ**

ਸੜਕ ਸੁਰੱਖਿਆ ਫੋਰਸ ਦਾ ਮੁੱਖ ਉਦੇਸ਼ ਸੜਕ ਹਾਦਸਿਆਂ ਦੌਰਾਨ ਸਮੇਂ ਸਿਰ ਸਹਾਇਤਾ ਪ੍ਰਦਾਨ ਕਰਨਾ ਹੈ। ਜਿਵੇਂ ਹੀ ਕੋਈ ਹਾਦਸਾ ਹੁੰਦਾ ਹੈ, ਇਹ ਫੋਰਸ ਤੁਰੰਤ ਮੌਕੇ 'ਤੇ ਪਹੁੰਚਦੀ ਹੈ, ਜ਼ਖਮੀਆਂ ਨੂੰ ਮੁੱਢਲੀ ਸਹਾਇਤਾ ਦਿੰਦੀ ਹੈ ਅਤੇ ਉਨ੍ਹਾਂ ਨੂੰ ਨਜ਼ਦੀਕੀ ਹਸਪਤਾਲ ਲਿਜਾਣ ਦਾ ਪ੍ਰਬੰਧ ਕਰਦੀ ਹੈ। ਇਸ ਫੌਰੀ ਕਾਰਵਾਈ ਅਤੇ ਪ੍ਰਭਾਵਸ਼ਾਲੀ ਪ੍ਰਬੰਧਨ ਨੇ ਬਹੁਤ ਸਾਰੀਆਂ ਜਾਨਾਂ ਬਚਾਉਣ, ਜ਼ਖਮੀਆਂ ਦੀ ਹਾਲਤ ਨੂੰ ਗੰਭੀਰ ਹੋਣ ਤੋਂ ਰੋਕਣ ਅਤੇ ਮੌਤ ਦਰ ਨੂੰ ਘਟਾਉਣ ਵਿੱਚ ਸਹਾਇਤਾ ਕੀਤੀ ਹੈ।

**ਐਸ.ਐਸ.ਐਫ. ਦੀ ਸਫ਼ਲਤਾ**

ਸੜਕ ਸੁਰੱਖਿਆ ਫੋਰਸ ਤੁਰੰਤ ਹਾਦਸੇ ਵਾਲੀ ਥਾਂ 'ਤੇ ਪਹੁੰਚਣ ਅਤੇ ਮੁੱਢਲੀ ਸਹਾਇਤਾ ਪ੍ਰਦਾਨ ਕਰਨ ਅਤੇ ਜ਼ਖਮੀਆਂ ਨੂੰ ਹਸਪਤਾਲ ਪਹੁੰਚਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀ ਹੈ। ਇਸ ਦੀ ਤੇਜ਼ ਅਤੇ ਪ੍ਰਭਾਵਸ਼ਾਲੀ ਕਾਰਜ ਸ਼ੈਲੀ ਦੇ ਕਾਰਨ, ਪਿਛਲੇ ਸਾਲ ਦੇ ਮੁਕਾਬਲੇ ਸੜਕ ਹਾਦਸਿਆਂ ਵਿੱਚ ਹੋਣ ਵਾਲੀਆਂ ਮੌਤਾਂ ਦੀ ਦਰ ਵਿੱਚ 48.10 ਫ਼ੀਸਦੀ ਦੀ ਕਮੀ ਆਈ ਹੈ।

**ਆਵਾਜਾਈ ਪ੍ਰਬੰਧਨ ਅਤੇ ਸੁਰੱਖਿਆ ਦੀ ਭਾਵਨਾ**

ਇਹ ਫੋਰਸ ਨਾ ਸਿਰਫ ਜਾਨਾਂ ਬਚਾਉਣ ਵਿੱਚ ਮਦਦਗਾਰ ਹੈ ਸਗੋਂ ਦੁਰਘਟਨਾ ਵਾਲੀ ਥਾਂ 'ਤੇ ਆਵਾਜਾਈ ਨੂੰ ਸੁਚਾਰੂ ਰੱਖਣ ਵਿੱਚ ਵੀ ਸਹਾਇਤਾ ਕਰਦੀ ਹੈ, ਜਿਸ ਨਾਲ ਹੋਰ ਸੰਭਾਵਿਤ ਹਾਦਸਿਆਂ ਦੀ ਸੰਭਾਵਨਾ ਘੱਟ ਹੁੰਦੀ ਹੈ। ਇਸ ਦੀ ਸ਼ਾਨਦਾਰ ਕਾਰਗੁਜ਼ਾਰੀ ਨੇ ਯਾਤਰੀਆਂ ਵਿੱਚ ਸੁਰੱਖਿਆ ਦੀ ਭਾਵਨਾ ਨੂੰ ਵਧਾਇਆ ਹੈ ਅਤੇ ਇਸ ਦੀ ਵਿਆਪਕ ਤੌਰ 'ਤੇ ਪ੍ਰਸ਼ੰਸਾ ਕੀਤੀ ਜਾ ਰਹੀ ਹੈ।

ਜਨਤਕ ਸੁਰੱਖਿਆ ਪ੍ਰਤੀ ਸਰਕਾਰ ਦੀ ਵਚਨਬੱਧਤਾ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਇਹ ਪਹਿਲ ਜਨਤਕ ਸੁਰੱਖਿਆ ਪ੍ਰਤੀ ਸਰਕਾਰ ਦੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਸਰਕਾਰ ਨਾ ਸਿਰਫ ਫੌਰੀ ਮੱਦਦ ਮੁਹਈਆ ਰਹੀ ਹੈ ਸਗੋਂ ਸੜਕੀ ਹਾਦਸਿਆਂ ਦੀ ਰੋਕਥਾਮ ਲਈ ਲੰਬੇ ਸਮੇਂ ਦੇ ਹੱਲ ਵੀ ਅਪਣਾ ਰਹੀ ਹੈ, ਜਿਸ ਨਾਲ ਪੰਜਾਬ ਵਿੱਚ ਸੜਕ ਸੁਰੱਖਿਆ ਦੇ ਨਵੇਂ ਮਿਆਰ ਸਥਾਪਿਤ ਹੋ ਰਹੇ ਹਨ।

**ਇਨਕਲਾਬੀ ਕਦਮ, ਜੋ ਪੰਜਾਬ ਲਈ ਵਰਦਾਨ ਸਾਬਤ ਹੋ ਰਿਹਾ ਹੈ**

ਜਿਵੇਂ ਕਿ ਨੂੰ ਵਿਲੱਖਣਤਾ ਵਾਲੇ ਸੂਬੇ ਵੱਜੋਂ ਜਾਣਿਆ ਜਾਂਦਾ ਹੈ ਸੜਕ ਸੁਰੱਖਿਆ ਫੋਰਸ ਇਸ ਗੱਲ ਦੀ ਵੱਡੀ ਉਦਾਹਰਣ ਵਜੋਂ ਉੱਭਰ ਰਹੀ ਹੈ ਕਿ ਸਮੇਂ ਸਿਰ ਕਾਰਵਾਈ ਅਤੇ ਸਮਰਪਿਤ ਯਤਨ ਲੋਕਾਂ ਦੇ ਜੀਵਨ ਨੂੰ ਕਿਵੇਂ ਬਦਲ ਸਕਦੇ ਹਨ ਅਤੇ ਰਾਜਮਾਰਗਾਂ ਨੂੰ ਸੁਰੱਖਿਅਤ ਬਣਾ ਸਕਦੇ ਹਨ। ਇਹ ਸਿਰਫ਼ ਫੋਰਸ ਨਹੀਂ ਹੈ ਸਗੋਂ ਪੰਜਾਬ ਦੇ ਲੋਕਾਂ ਲਈ ਵਰਦਾਨ ਵੀ ਹੈ।



"ਪੰਜਾਬ ਸਰਕਾਰ ਦੀ ਐਸ.ਐਸ.ਐਫ ਫੋਰਸ ਮੇਰੇ ਲਈ ਉਦੋਂ ਵਰਦਾਨ ਸਾਬਿਤ ਹੋਈ ਜਦੋਂ ਮੇਰਾ ਮੋਗਾ ਵਿਖੇ ਐਕਸੀਡੈਂਟ ਹੋਇਆ ਅਤੇ ਮੈਨੂੰ ਤੁਰੰਤ ਐਸ.ਐਸ.ਐਫ ਵੱਲੋਂ ਮੈਡੀਕਲ ਸਹਾਇਤਾ ਦਿੱਤੀ ਅਤੇ ਮੋਗਾ ਦੇ ਹਸਪਤਾਲ ਵਿੱਚ ਦਾਖਲ ਕਰਵਾਇਆ। ਸਿਰ ਉਪਰ ਭਿਆਨਕ ਸੱਟ ਲੱਗਣ ਕਾਰਨ ਮੈਂ ਜਿੰਦਗੀ ਮੌਤ ਦੀ ਲੜਾਈ ਲੜ ਰਿਹਾ ਸੀ ਅਤੇ ਐਸ.ਐਸ.ਐਫ ਵੱਲੋਂ ਮੈਨੂੰ ਨਵੀਂ ਜਿੰਦਗੀ ਦਿੱਤੀ ਗਈ। ਮੈਂ ਪੰਜਾਬ ਸਰਕਾਰ ਦੀ ਐਸ.ਐਸ.ਐਫ ਫੋਰਸ ਦਾ ਹਮੇਸ਼ਾ ਰਿਣੀ ਰਹਾਂਗਾਂ।"

**ਜਗਸੀਰ ਸਿੰਘ ਪੁੱਤਰ ਮਹਿੰਦਰ ਸਿੰਘ, ਦੌਲਤਪੁਰਾ ਮੋਗਾ**

# ਪੰਜਾਬ ਦੀ ਬਿਜਲੀ ਕ੍ਰਾਂਤੀ

# 90 ਫ਼ੀਸਦੀ ਪਰਿਵਾਰਾਂ ਨੂੰ ਮਿਲੀ ਰਾਹਤ, 600 ਯੂਨਿਟ ਮੁਫ਼ਤ ਬਿਜਲੀ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇਤਿਹਾਸਕ ਕਦਮ ਚੁੱਕਦਿਆਂ ਘਰੇਲੂ ਖਪਤਕਾਰਾਂ ਨੂੰ 600 ਯੂਨਿਟ ਮੁਫਤ ਬਿਜਲੀ ਮੁਹੱਈਆ ਕਰਵਾ ਕੇ ਆਪਣਾ ਵਾਅਦਾ ਪੂਰਾ ਕੀਤਾ ਹੈ। ਇਸ ਫੈਸਲੇ ਨਾਲ ਰਾਜ ਦੇ 90 ਫ਼ੀਸਦੀ ਘਰਾਂ ਨੂੰ ਲਾਭ ਹੋ ਰਿਹਾ ਹੈ, ਜਿਨ੍ਹਾਂ ਨੂੰ ਹੁਣ ਜ਼ੀਰੋ ਬਿਜਲੀ ਬਿੱਲ ਮਿਲ ਰਹੇ ਹਨ। ਇਹ ਕਦਮ ਆਮ ਲੋਕਾਂ ਲਈ ਆਰਥਿਕ ਰਾਹਤ ਅਤੇ ਸਸ਼ਕਤੀਕਰਨ ਦਾ ਇੱਕ ਨਵਾਂ ਯੁੱਗ ਲੈ ਕੇ ਆਇਆ ਹੈ।

ਇਸ ਫੈਸਲੇ ਨਾਲ ਪੰਜਾਬ ਦੇ ਲੋਕਾਂ ਨੂੰ ਵੱਡੀ ਰਾਹਤ ਮਿਲੀ ਹੈ। ਹੁਣ ਪਰਿਵਾਰਾਂ ਨੂੰ ਬਿਜਲੀ ਦੇ ਭਾਰੀ ਬਿੱਲਾਂ ਦੀ ਚਿੰਤਾ ਨਹੀਂ ਕਰਨੀ ਪਵੇਗੀ ਅਤੇ ਪਹਿਲਾਂ ਜੋ ਪੈਸਾ ਬਿਜਲੀ ਦੇ ਬਿੱਲਾਂ ਦਾ ਭੁਗਤਾਨ ਕਰਨ ਵਿੱਚ ਜਾਂਦਾ ਸੀ, ਉਹ ਹੁਣ ਹੋਰ ਘਰੇਲੂ ਖਰਚਿਆਂ ਵਿੱਚ ਵਰਤਿਆ ਜਾ ਸਕਦਾ ਹੈ ਜਾਂ ਭਵਿੱਖ ਲਈ ਬਚਾਇਆ ਜਾ ਸਕਦਾ ਹੈ। ਇਹ ਪਹਿਲ ਘੱਟ ਅਤੇ ਮੱਧ-ਆਮਦਨੀ ਵਾਲੇ ਪਰਿਵਾਰਾਂ ਲਈ ਵਿਸ਼ੇਸ਼ ਤੌਰ 'ਤੇ ਲਾਭਦਾਇਕ ਹੈ।

ਆਰਥਿਕ ਰਾਹਤ ਦੇਣ ਤੋਂ ਇਲਾਵਾ, ਪੰਜਾਬ ਸਰਕਾਰ ਨੇ ਰਾਜ ਭਰ ਵਿੱਚ ਨਿਰਵਿਘਨ ਅਤੇ ਨਿਰੰਤਰ ਬਿਜਲੀ ਸਪਲਾਈ ਨੂੰ ਯਕੀਨੀ ਬਣਾਇਆ ਹੈ। ਇਸ ਵਚਨਬੱਧਤਾ ਨਾਲ, ਹੁਣ ਵਸਨੀਕਾਂ ਨੂੰ ਵਾਰ-ਵਾਰ ਬਿਜਲੀ ਕੱਟਾਂ ਦੀ ਅਸੁਵਿਧਾ ਦਾ ਸਾਹਮਣਾ ਨਹੀਂ ਕਰਨਾ ਪੈਂਦਾ, ਜਿਸ ਨਾਲ ਉਨ੍ਹਾਂ ਦਾ ਜੀਵਨ ਵਧੇਰੇ ਅਰਾਮਦਾਇਕ ਅਤੇ ਲਾਭਕਾਰੀ ਬਣ ਜਾਂਦਾ ਹੈ।

ਇਹ ਕਦਮ ਪੰਜਾਬ ਸਰਕਾਰ ਦੀ ਇੱਕ ਵੱਡੀ ਪਹਿਲਕਦਮੀ ਦਾ ਹਿੱਸਾ ਹੈ ਜਿਸ ਦਾ ਉਦੇਸ਼ ਆਪਣੇ ਨਾਗਰਿਕਾਂ ਦੇ ਜੀਵਨ ਪੱਧਰ ਨੂੰ ਸੁਧਾਰਨਾ ਹੈ। ਮੁਫਤ ਬਿਜਲੀ ਮੁਹੱਈਆ ਕਰਵਾ ਕੇ, ਸਰਕਾਰ ਨਾ ਸਿਰਫ ਪਰਿਵਾਰਾਂ ਨੂੰ ਵਿੱਤੀ ਤੌਰ 'ਤੇ ਰਾਹਤ ਪ੍ਰਦਾਨ ਕਰ ਰਹੀ ਹੈ ਸਗੋਂ ਲੋਕਾਂ ਵਿੱਚ ਸਸ਼ਕਤੀਕਰਨ ਦੀ ਭਾਵਨਾ ਵੀ ਪੈਦਾ ਕਰ ਰਹੀ ਹੈ।



ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸਰਕਾਰ ਆਪਣੇ ਨਾਗਰਿਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਲਈ ਹਰ ਜ਼ਰੂਰੀ ਕਦਮ ਚੁੱਕਣ ਲਈ ਵਚਨਬੱਧ ਹੈ ਤਾਂ ਜੋ ਉਹ ਬਿਨਾਂ ਕਿਸੇ ਵਿੱਤੀ ਬੋਝ ਦੇ ਬੁਨਿਆਦੀ ਸੇਵਾਵਾਂ ਤੱਕ ਪਹੁੰਚ ਪ੍ਰਾਪਤ ਕਰ ਸਕਣ। ਇਹ ਇਤਿਹਾਸਕ ਕਦਮ ਇਸ ਗੱਲ ਦੀ ਸਪੱਸ਼ਟ ਉਦਾਹਰਣ ਹੈ ਕਿ ਕਿਵੇਂ ਸਰਕਾਰੀ ਨੀਤੀਆਂ ਭਾਈਚਾਰਿਆਂ ਲਈ ਸਥਾਈ ਅਤੇ ਸਕਾਰਾਤਮਕ ਤਬਦੀਲੀ ਲਿਆ ਸਕਦੀਆਂ ਹਨ। ਇਹ

ਸਿਰਫ਼ ਇੱਕ ਨੀਤੀ ਨਹੀਂ ਸਗੋਂ ਆਮ ਲੋਕਾਂ ਲਈ ਜੀਵਨ ਰੇਖਾ ਹੈ, ਜੋ ਆਪਣੇ ਨਾਗਰਿਕਾਂ ਦੇ ਜੀਵਨ ਨੂੰ ਆਸਾਨ ਅਤੇ ਬਿਹਤਰ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਸ ਪਹਿਲ ਨਾਲ ਪੰਜਾਬ ਸੱਚਮੁੱਚ ਇੱਕ ਉੱਜਵਲ ਭਵਿੱਖ ਵੱਲ ਵਧ ਰਿਹਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ 600 ਯੂਨਿਟ ਮੁਫ਼ਤ ਬਿਜਲੀ ਦੀ ਵਿਵਸਥਾ ਪੰਜਾਬ ਦੇ ਲੋਕਾਂ ਨੂੰ ਸਸ਼ਕਤ ਬਣਾਉਣ ਵੱਲ ਇੱਕ ਪਰਿਵਰਤਨਸ਼ੀਲ ਕਦਮ ਹੈ। ਇਹ ਪਹਿਲਕਦਮੀ ਘਰਾਂ 'ਤੇ ਵਿੱਤੀ ਬੋਝ ਨੂੰ ਘਟਾਉਂਦੀ ਹੈ ਅਤੇ ਜ਼ਰੂਰੀ ਸਰੋਤਾਂ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਂਦੀ ਹੈ।

ਆਮ ਲੋਕਾਂ ਦੀਆਂ ਜ਼ਰੂਰਤਾਂ ਨੂੰ ਤਰਜੀਹ ਦੇ ਕੇ, ਮਾਨ ਸਰਕਾਰ ਇੱਕ ਵਧੇਰੇ ਖੁਸ਼ਹਾਲ ਅਤੇ ਸਵੈ-ਨਿਰਭਰ ਪੰਜਾਬ ਲਈ ਰਾਹ ਪੱਧਰਾ ਕਰ ਰਹੀ ਹੈ। ਸੂਬੇ ਦੀਆਂ ਪ੍ਰਗਤੀਸ਼ੀਲ ਨੀਤੀਆਂ ਨਾਲ ਸਾਡਾ ਭਵਿੱਖ ਸੁਰੱਖਿਅਤ ਤੇ ਖੁਸ਼ਹਾਲ ਹੋਵੇਗਾ।





“ ਸਰਕਾਰ ਵੱਲੋਂ ਦਿੱਤੀ ਜਾ ਰਹੀ ਮੁਫਤ ਬਿਜਲੀ ਨਾਲ ਮੇਰੀ ਜ਼ਿੰਦਗੀ ਬਹੁਤ ਸੌਖੀ ਹੋਈ ਹੈ ਪੰਜਾਬ ਸਰਕਾਰ ਦੇ ਇਸ ਉਪਰਾਲੇ ਲਈ ਧੰਨਵਾਦ ਕਰਦਾ ਹਾਂ ”

**ਗੁਰਬਿੰਦਰ ਸਿੰਘ**



“ ਪੰਜਾਬ ਸਰਕਾਰ ਵੱਲੋਂ ਲੋਕਾਂ ਦੀ ਸਭ ਤੋਂ ਵੱਡੀ ਬੁਨਿਆਦੀ ਜ਼ਰੂਰਤ ਬਿਜਲੀ ਦੇ 600 ਯੂਨਿਟ ਮੁਫ਼ਤ ਦਿੱਤੇ ਜਾਣ ਨੂੰ ਪਟਿਆਲਾ ਸ਼ਹਿਰ ਦੀ ਪੀਰ ਕਲੋਨੀ ਵਾਸੀ ਅਮਰਜੀਤ ਕੌਰਨੇ ਸਰਕਾਰ ਦਾ ਸਭ ਤੋਂ ਵੱਡਾ ਇਤਿਹਾਸਕ ਫੈਸਲਾ ਦੱਸਿਆ। ਅਮਰਜੀਤ ਕੌਰ ਨੇ ਕਿਹਾਕਿ ਬਿਜਲੀ ਦਾ ਬਿੱਲ ਜ਼ੀਰੋ ਆਉਣ ਨਾਲ ਘਰ ਦੇ ਖਰਚਿਆਂ ਵਿੱਚ ਕਮੀ ਆਈ ਹੈ, ਜਿਸਨਾਲ ਹੁਣ ਬੱਚਤ ਵੀ ਹੋਣ ਲੱਗੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਨੇ ਬਿਜਲੀ ਮੁਫ਼ਤ ਕਰਕੇ ਪੰਜਾਬ ਦੇ ਲੋਕਾਂ ਨੂੰ ਵੱਡੀ ਸੌਗਾਤ ਦਿੱਤੀ ਹੈ। ”

**ਅਮਰਜੀਤ ਕੌਰ**



“ ਮੈਂ ਸ: ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦਾ ਬਹੁਤ ਧੰਨਵਾਦ ਕਰਦੀ ਹਾਂ ਕਿ ਜਿਨਾਂ ਨੇ ਸਾਡੇ ਵਰਗੇ ਆਮ ਆਦਮੀਆਂ ਦੇ ਦੁਖ ਤਕਲੀਫ ਨੂੰ ਸਮਝਦੇ ਹੋਏ 600 ਯੂਨਿਟ ਬਿਜਲੀ ਮੁਫ਼ਤ ਬਿਜਲੀ ਦੇ ਦਿੱਤੇ ਹਨ। ਪਹਿਲਾਂ ਸਾਨੂੰ 600 ਯੂਨਿਟਾਂ ਦੇ ਕਰੀਬ 3000 ਹਜ਼ਾਰ ਰੁਪਏ ਦਾ ਬਿੱਲ ਆ ਜਾਂਦਾ ਸੀ, ਜੋ ਕਿ ਸਾਡੇ ਵਰਗੇ ਮਿਹਨਤ ਕਰਨ ਵਾਲੇ ਲੋਕਾਂ ਲਈ ਬਿੱਲ ਦੇਣਾ ਬਹੁਤ ਹੀ ਔਖਾ ਭਰਿਆ ਕੰਮ ਸੀ। ”

**ਰਸ਼ਮੀ ਸ਼ਰਮਾ**
**ਗਲੀ ਨੰ:5, ਨਵਾਂ ਕੋਟ, ਅੰਮ੍ਰਿਤਸਰ**




# ਇਨਵੈਸਟ ਪੰਜਾਬ
# ਮਾਨ ਸਰਕਾਰ ਵਿਚ ਉਦਯੋਗਿਕ ਵਿਕਾਸ ਦਾ ਨਵਾਂ ਯੁੱਗ

ਪਿਛਲੇ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਉਦਯੋਗਿਕ ਕ੍ਰਾਂਤੀ ਦੇ ਵਿੱਚੋਂ ਗੁਜ਼ਰਿਆ ਹੈ। ਸੂਬੇ ਦੀਆਂ ਵਪਾਰ ਪੱਖੀ ਨੀਤੀਆਂ, ਪਾਰਦਰਸ਼ੀ ਸ਼ਾਸਨ ਅਤੇ ਨਿਵੇਸ਼ਕ-ਅਨੁਕੂਲ ਮਾਹੌਲ ਨੇ ਇਸਨੂੰ ਉਦਯੋਗਾਂ ਅਤੇ ਵਿਸ਼ਵਵਿਆਪੀ ਨਿਵੇਸ਼ ਲਈ ਪ੍ਰਮੁੱਖ ਸਥਾਨ ਵਜੋਂ ਸਥਾਪਿਤ ਕੀਤਾ ਹੈ। 'ਇਨਵੈਸਟ ਪੰਜਾਬ' ਵਰਗੀ ਪਹਿਲਕਦਮੀ ਰਾਹੀਂ ਸਰਕਾਰ ਨੇ ਮੁੱਖ ਖੇਤਰਾਂ ਵਿੱਚ ਵੱਡੇ ਪੱਧਰ 'ਤੇ ਨਿਵੇਸ਼ ਨੂੰ ਸਫਲਤਾਪੂਰਵਕ ਆਕਰਸ਼ਿਤ ਕੀਤਾ ਹੈ। ਇਨ੍ਹਾਂ ਨਿਵੇਸ਼ ਸਦਕਾ ਹਜ਼ਾਰਾਂ ਨੌਕਰੀਆਂ ਦੇ ਮੌਕੇ ਪੈਦਾ ਹੋਏ ਹਨ ਅਤੇ ਪੰਜਾਬ ਦੀ ਆਰਥਿਕਤਾ ਨੂੰ ਹੁਲਾਰਾ ਮਿਲਿਆ ਹੈ।

ਸਾਲ 2022 ਤੋਂ ਪੰਜਾਬ ਨੇ ਹਜ਼ਾਰਾਂ ਕਰੋੜ ਰੁਪਏ ਦਾ ਨਿਵੇਸ਼ ਹਾਸਿਲ ਕੀਤਾ ਹੈ ਜਿਸ ਵਿੱਚ ਨਿਰਮਾਣ, ਖੇਤੀਬਾੜੀ,ਆਈ.ਟੀ., ਫਾਰਮਾਸਿਊਟੀਕਲ, ਨਵਿਆਉਣਯੋਗ ਊਰਜਾ ਅਤੇ ਬੁਨਿਆਦੀ ਢਾਂਚੇ ਦੇ ਉਦਯੋਗ ਸ਼ਾਮਲ ਹਨ। ਮਾਨ ਸਰਕਾਰ ਵੱਲੋਂ ਕਰਵਾਏ ਅੰਤਰਰਾਸ਼ਟਰੀ ਵਪਾਰਕ ਸੰਮੇਲਨ, ਰੋਡ ਸ਼ੋਅ ਅਤੇ ਵਿਸ਼ਵਵਿਆਪੀ ਕੰਪਨੀਆਂ ਨਾਲ ਸਿੱਧੇ ਸੰਵਾਦ ਨੇ ਪੰਜਾਬ ਨੂੰ ਪਸੰਦੀਦਾ ਉਦਯੋਗਿਕ ਹੱਬ ਵਜੋਂ ਉਭਰਨ ਵਿੱਚ ਮਦਦ ਕੀਤੀ ਹੈ।

**ਰਾਜ ਦੀ ਉਦਯੋਗਿਕ ਸਫਲਤਾ ਇਨ੍ਹਾਂ ਕਾਰਨਾਂ ਕਰਕੇ ਸੰਭਵ ਹੋਈ ਹੈ:**

- ਭ੍ਰਿਸ਼ਟਾਚਾਰ-ਮੁਕਤ ਅਤੇ ਕਾਰੋਬਾਰ-ਅਨੁਕੂਲ ਵਾਤਾਵਰਣ
- ਨਿਵੇਸ਼ਕਾਂ ਲਈ ਪ੍ਰਵਾਨਗੀਆਂ ਤੇਜ਼ੀ ਲਈ ਸਿੰਗਲ-ਵਿੰਡੋ ਕਲੀਅਰੈਂਸ
- ਉਦਯੋਗ-ਅਨੁਕੂਲ ਨੀਤੀਆਂ, ਟੈਕਸ ਨੂੰ ਉਤਸ਼ਾਹਤ ਕਰਨਾ ਅਤੇ ਸਬਸਿਡੀਆਂ
- ਵਿਸ਼ਵ ਪੱਧਰੀ ਬੁਨਿਆਦੀ ਢਾਂਚਾ, ਨਵੇਂ ਉਦਯੋਗਿਕ ਪਾਰਕਾਂ ਅਤੇ ਲੌਜਿਸਟਿਕ ਹੱਬ

**ਤਿੰਨ ਸਾਲਾਂ ਵਿੱਚ ਉਦਯੋਗਿਕ ਪ੍ਰਾਪਤੀਆਂ**

**1. ਨਿਰਮਾਣ ਅਤੇ ਐੱਮ. ਐੱਸ. ਐੱਮ. ਈ. ਵਿੱਚ ਰਿਕਾਰਡ ਤੋੜ ਨਿਵੇਸ਼**

- ਮਾਨ ਸਰਕਾਰ ਨੇ ਪੰਜਾਬ ਦੇ ਨਿਰਮਾਣ ਖੇਤਰ ਨੂੰ ਮੁੜ ਸੁਰਜੀਤ ਅਤੇ

ਆਧੁਨਿਕ ਬਣਾਇਆ ਹੈ। ਇਸਨੂੰ ਵਧੇਰੇ ਪ੍ਰਤੀਯੋਗੀ ਅਤੇ ਨਿਰਯਾਤ-ਮੁਖੀ ਬਣਾਇਆ ਹੈ।

• ਐੱਮ. ਐੱਸ. ਐੱਮ. ਈ. (ਸੂਖਮ, ਛੋਟੇ ਅਤੇ ਦਰਮਿਆਨੇ ਉੱਦਮਾਂ) 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ ਹੈ, ਉਹਨਾਂ ਨੂੰ ਵਿੱਤੀ ਸਹਾਇਤਾ, ਹੁਨਰ ਸਿਖਲਾਈ ਅਤੇ ਆਲਮੀ ਮੰਡੀ ਤੱਕ ਪਹੁੰਚ ਪ੍ਰਦਾਨ ਕੀਤੀ ਗਈ ਹੈ।

**2. ਆਈਟੀ ਅਤੇ ਸਟਾਰਟਅੱਪਸ ਲਈ ਵੱਡਾ ਹੁਲਾਰਾ**

• ਪੰਜਾਬ ਨੇ ਆਈਟੀ ਸੈਕਟਰ ਵਿੱਚ ਤੇਜ਼ੀ ਨਾਲ ਵਿਕਾਸ ਦੇਖਿਆ ਹੈ। ਆਲਮੀ ਪੱਧਰ ਦੀਆਂ ਤਕਨੀਕੀ ਕੰਪਨੀਆਂ ਨੇ ਮੋਹਾਲੀ, ਲੁਧਿਆਣਾ ਅਤੇ ਅੰਮ੍ਰਿਤਸਰ ਵਿੱਚ ਦਫ਼ਤਰ ਸਥਾਪਤ ਕੀਤੇ ਹਨ।

• ਪੰਜਾਬ ਸਟਾਰਟਅੱਪ ਨੀਤੀ ਨੇ ਨੌਜਵਾਨ ਉੱਦਮੀਆਂ ਨੂੰ ਫੰਡਿੰਗ, ਸਲਾਹ ਅਤੇ ਇਨਕਿਊਬੇਸ਼ਨ ਸਹੂਲਤਾਂ ਪ੍ਰਦਾਨ ਕੀਤੀਆਂ ਹਨ, ਜਿਸ ਨਾਲ ਪ੍ਰਫੁੱਲਤ ਸਟਾਰਟਅੱਪ ਈਕੋ ਸਿਸਟਮ ਬਣਿਆ ਹੈ।

**3. ਖੇਤੀਬਾੜੀ ਅਤੇ ਫੂਡ ਪ੍ਰੋਸੈਸਿੰਗ: ਪੰਜਾਬ ਨੂੰ 'ਗਲੋਬਲ ਐਕਸਪੋਰਟ ਹੱਬ' ਬਣਾਉਣਾ**

• ਸਰਕਾਰ ਨੇ ਫੂਡ ਪ੍ਰੋਸੈਸਿੰਗ ਵਿੱਚ ਵੱਡੇ ਨਿਵੇਸ਼ ਆਕਰਸ਼ਿਤ ਕੀਤੇ ਹਨ, ਇਹ ਯਕੀਨੀ ਬਣਾਉਂਦੇ ਹੋਏ ਕਿ ਪੰਜਾਬ ਦੀ ਖੇਤੀਬਾੜੀ ਉਪਜ ਅੰਤਰਰਾਸ਼ਟਰੀ ਬਾਜ਼ਾਰਾਂ ਤੱਕ ਪਹੁੰਚੇ।

• ਨਵੇਂ ਫੂਡ ਪਾਰਕਾਂ ਅਤੇ ਕੋਲਡ ਚੇਨ ਬੁਨਿਆਦੀ ਢਾਂਚੇ ਨੇ ਵਾਢੀ ਤੋਂ ਬਾਅਦ ਦੇ ਨੁਕਸਾਨ ਨੂੰ ਘਟਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਵਿੱਚ ਮਦਦ ਕੀਤੀ ਹੈ।

**4. ਨਵਿਆਉਣਯੋਗ ਊਰਜਾ ਅਤੇ ਪ੍ਰਦੂਸ਼ਣ ਰਹਿਤ ਉਦਯੋਗ ਦਾ ਵਿਸਥਾਰ**

• ਪੰਜਾਬ ਦੇ ਪ੍ਰਦੂਸ਼ਣ ਨੂੰ ਘਟਾਉਣ ਲਈ, ਸਰਕਾਰ ਨੇ ਸੂਰਜੀ ਅਤੇ ਬਾਇਓ-ਊਰਜਾ ਪ੍ਰੋਜੈਕਟਾਂ ਵਿੱਚ ਨਿਵੇਸ਼ ਨੂੰ ਉਤਸ਼ਾਹਿਤ ਕੀਤਾ ਹੈ।

• ਕਈ ਪ੍ਰਦੂਸ਼ਣ ਰਹਿਤ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ, ਜਿਸ ਨਾਲ ਪੰਜਾਬ ਟਿਕਾਊ ਉਦਯੋਗੀਕਰਨ ਵਿੱਚ ਮੋਹਰੀ ਬਣ ਗਿਆ ਹੈ।

**5. ਬਿਹਤਰ ਸੰਪਰਕ ਅਤੇ ਬੁਨਿਆਦੀ ਢਾਂਚਾ**

• ਆਧੁਨਿਕ ਹਾਈਵੇਅ, ਐਕਸਪ੍ਰੈਸ ਵੇਅ ਅਤੇ ਰੇਲ ਸੰਪਰਕ ਵਿੱਚ ਵੱਡਾ ਨਿਵੇਸ਼ ਕੀਤਾ ਹੈ, ਜਿਸ ਨਾਲ ਸਾਮਾਨ ਅਤੇ ਕੱਚੇ ਮਾਲ ਦੀ ਨਿਰਵਿਘਨ ਆਵਾਜਾਈ ਯਕੀਨੀ ਬਣਾਈ ਜਾ ਸਕਦੀ ਹੈ।

• ਪੰਜਾਬ ਨੂੰ ਵਿਸ਼ਵਵਿਆਪੀ ਵਪਾਰ ਕੇਂਦਰ ਬਣਾਉਣ ਲਈ ਲੌਜਿਸਟਿਕ ਪਾਰਕ ਅਤੇ ਉਦਯੋਗਿਕ ਗਲਿਆਰੇ ਵਿਕਸਤ ਕੀਤੇ ਜਾ ਰਹੇ ਹਨ।

**ਪੰਜਾਬ: ਨਿਵੇਸ਼ਕਾਂ ਲਈ ਮਾਡਲ ਰਾਜ**

ਪਿਛਲੇ ਤਿੰਨ ਸਾਲਾਂ ਵਿੱਚ 'ਇਨਵੈਸਟ ਪੰਜਾਬ' ਦੀ ਸਫਲਤਾ ਨੇ ਨਾ ਸਿਰਫ਼ ਸੂਬੇ ਦੀ ਆਰਥਿਕਤਾ ਨੂੰ ਮਜ਼ਬੂਤ ਕੀਤਾ ਹੈ ਬਲਕਿ ਲੱਖਾਂ ਨੌਕਰੀਆਂ ਦੇ ਮੌਕੇ ਵੀ ਪੈਦਾ ਕੀਤੇ ਹਨ। ਪ੍ਰਗਤੀਸ਼ੀਲ ਨੀਤੀਆਂ, ਵਿਸ਼ਵ ਪੱਧਰੀ ਬੁਨਿਆਦੀ ਢਾਂਚੇ ਅਤੇ ਉਦਯੋਗਿਕ ਵਿਕਾਸ ਲਈ ਵਚਨਬੱਧ ਸਰਕਾਰ ਦੇ ਨਾਲ ਪੰਜਾਬ ਨਿਵੇਸ਼ ਅਤੇ ਵਿਕਾਸ ਲਈ ਮਾਡਲ ਰਾਜ ਵਜੋਂ ਉਭਰਿਆ ਹੈ।

ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ, ਪੰਜਾਬ ਆਰਥਿਕ ਸਵੈ-ਨਿਰਭਰਤਾ ਦੇ ਯੁੱਗ ਵੱਲ ਵਧ ਰਿਹਾ ਹੈ, ਇਹ ਯਕੀਨੀ ਬਣਾ ਰਿਹਾ ਹੈ ਕਿ ਉਦਯੋਗ ਵਧੇ-ਫੁੱਲੇ, ਕਾਰੋਬਾਰ ਵਧੇ-ਫੁੱਲੇ ਅਤੇ ਪੰਜਾਬ ਦੇ ਲੋਕ ਖੁਸ਼ਹਾਲ ਹੋਣ।



“ ਮੈਨੂੰ ਇਨਵੈਸਟ ਪੰਜਾਬ ਅਤੇ ਜ਼ਿਲ੍ਹਾ ਉਦਯੋਗਿਕ ਕੇਂਦਰ (ਡੀ.ਆਈ.ਸੀ.) ਮੋਗਾ ਰਾਹੀਂ ਪੰਜਾਬ ਸਰਕਾਰ ਵੱਲੋਂ ਦਿੱਤੇ ਜਾਂਦੇ ਵੱਖ-ਵੱਖ ਵਿੱਤੀ ਅਤੇ ਗੈਰ-ਵਿੱਤੀ ਪ੍ਰੋਤਸਾਹਨਾਂ ਬਾਰੇ ਪਤਾ ਲੱਗਾ। ਇਹਨਾਂ ਪ੍ਰੋਤਸਾਹਨ ਯੋਜਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕਰਨ ਤੋਂ ਬਾਅਦ ਮੈਂ ਪੰਜਾਬ ਵਿੱਚ ਨਿਵੇਸ਼ ਕਰਨ ਦਾ ਫੈਸਲਾ ਕੀਤਾ ਅਤੇ ਵਰਤੇ ਹੋਏ ਟਾਇਰਾਂ ਨੂੰ ਰੀਸਾਈਕਲ ਕਰਕੇ ਪੂਰੇ ਟਾਇਰ ਰੀਕਲੇਮ ਬਣਾਉਣ ਲਈ ਆਪਣਾ ਰੀਕਲੇਮ ਰਬੜ ਉਦਯੋਗ ਸ਼ੁਰੂ ਕੀਤਾ। ਇਸ ਦੌਰਾਨ ਜ਼ਿਲ੍ਹਾ ਉਦਯੋਗ ਕੇਂਦਰ ਦੇ ਦਫ਼ਤਰ ਅਤੇ ਉਦਯੋਗ ਅਤੇ ਵਣਜ ਵਿਭਾਗ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਾਲ ਮਿਲ ਕੇ ਸਮੇਂ ਸਿਰ ਰੈਗੂਲੇਟਰੀ ਪ੍ਰਵਾਨਗੀਆਂ ਪ੍ਰਾਪਤ ਕਰਨ ਵਿੱਚ ਮੇਰਾ ਸਮਰਥਨ ਕੀਤਾ ਅਤੇ ਨਾਲ ਹੀ ਬਿਜਲੀ ਡਿਊਟੀ, ਸਟੈਂਪ ਡਿਊਟੀ, ਜੀ.ਐਸ.ਟੀ. ਵਰਗੇ ਵੱਖ-ਵੱਖ ਮਾਮਲਿਆਂ 'ਚ ਵੀ ਮੇਰੀ ਮੱਦਦ ਕੀਤੀ। ਮੈਂ ਹਮੇਸ਼ਾ ਪੰਜਾਬ ਸਰਕਾਰ ਅਤੇ ਖਾਸ ਕਰਕੇ ਉਦਯੋਗ ਅਤੇ ਵਣਜ ਵਿਭਾਗ ਦਾ ਪੰਜਾਬ ਰਾਜ ਵਿੱਚ ਅਜਿਹਾ ਨਿਵੇਸ਼ਕ ਅਤੇ ਉਦਯੋਗ ਅਨੁਕੂਲ ਮਾਹੌਲ ਬਣਾਉਣ ਲਈ ਰਿਣੀ ਰਹਾਂਗਾ। ”

**ਧੰਨਵਾਦ ਸਹਿਤ**

**ਚਰਨ ਕਮਲ ਸਿੰਘ ਸੋਹਲ**

**ਡਾਇਰੈਕਟਰ, ਸਨ ਰੀਕਲੇਮਜ਼ ਪ੍ਰਾਈਵੇਟ ਲਿਮਟਿਡ , ਪਿੰਡ ਖੋਸਾ ਪਾਂਡੋ, ਮੋਗਾ**




# ਪੰਜਾਬ ਦੀ ਖੇਡ ਭਾਵਨਾ ਨੂੰ ਫਿਰ ਤੋਂ ਸੁਰਜੀਤ ਕਰਨਾ

"ਖੇਡਾਂ ਵਤਨ ਪੰਜਾਬ ਦੀਆਂ" ਪੰਜਾਬ ਸਰਕਾਰ ਦੀ ਅਹਿਮ ਪਹਿਲਕਦਮੀ ਹੈ, ਜਿਸਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸ਼ੁਰੂ ਕੀਤਾ ਗਿਆ ਹੈ। ਇਹ ਪਹਿਲਕਦਮੀ ਸੂਬੇ ਵਿੱਚ ਖੇਡਾਂ ਅਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨ ਲਈ ਮਹੱਤਵਪੂਰਨ ਕਦਮ ਬਣ ਚੁੱਕੀ ਹੈ। ਸਾਲ 2022 ਵਿੱਚ ਸ਼ੁਰੂ ਹੋਇਆ। ਇਹ ਸਾਲਾਨਾ ਖੇਡ ਸਮਾਰੋਹ ਹੇਠਲੇ ਪੱਧਰ ਉੱਤੇ ਪ੍ਰਤਿਭਾ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਨਿਖਾਰਨ ਦੇ ਨਾਲ-ਨਾਲ ਪੰਜਾਬੀਆਂ ਵਿੱਚ ਭਾਈਚਾਰਕ ਸਾਂਝ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਨਾਲ ਕੀਤਾ ਜਾਂਦਾ ਹੈ।

ਇਸ ਵਿੱਚ ਅਥਲੈਟਿਕਸ, ਕਬੱਡੀ, ਕੁਸ਼ਤੀ, ਹਾਕੀ, ਫੁਟਬਾਲ ਵਰਗੇ ਕਈ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ, ਜਿਨ੍ਹਾਂ ਵਿੱਚ ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਤੋਂ ਖਿਡਾਰੀ ਹਿੱਸਾ ਲੈਂਦੇ ਹਨ। ਇਸ ਦਾ ਉੱਚ-ਪੱਧਰੀ ਢਾਂਚਾ ਬਲਾਕ ਪੱਧਰ ਤੋਂ ਸ਼ੁਰੂ ਹੋ ਕੇ ਰਾਜ ਪੱਧਰ 'ਤੇ ਸਮਾਪਤ ਹੁੰਦਾ ਹੈ ਜਿਸ ਨਾਲ ਵਿਆਪਕ ਭਾਈਵਾਲੀ ਯਕੀਨੀ ਬਣਦੀ ਹੈ ਅਤੇ ਨੌਜਵਾਨ ਖਿਡਾਰੀਆਂ ਨੂੰ ਆਪਣੀ ਪ੍ਰਤਿਭਾ ਦਰਸਾਉਣ ਲਈ ਮੰਚ ਮਿਲਦਾ ਹੈ।

"ਖੇਡਾਂ ਵਤਨ ਪੰਜਾਬ ਦੀਆਂ" ਦੀ ਵਿਸ਼ੇਸ਼ਤਾ ਇਹ ਹੈ ਕਿ ਜੇਤੂਆਂ ਨੂੰ



❝ ਮੈ ਪਰਨਾਮ ਸਿੰਘ ਰੈਸਲਿੰਗ ਕੋਚਿੰਗ ਸੈਂਟਰ ਵਿਖੇ ਪਰੈਕਟਿਸ ਕਰ ਰਿਹਾ ਹਾਂ। ਮੈਂ ਇਸ ਵਾਰ ਖੇਡਾਂ ਵਤਨ ਪੰਜਾਬ ਸੀਜਨ-3 ਵਿੱਚ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਜਿੱਤ ਕੇ ਰਾਜ ਪੱਧਰੀ ਖੇਡਾਂ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ। ਮੈਂ ਇਸ ਸਰਕਾਰ ਦੇ ਇਸ ਉਪਰਾਲੇ ਤੋਂ ਬਹੁਤ ਖੁਸ਼ ਹਾਂ ਅਤੇ ਮੈਂ ਚਾਹੁੰਦਾ ਹਾਂ ਕਿ ਸਰਕਾਰ ਅੱਗੇ ਤੋਂ ਵੀ ਅਜਿਹੇ ਉਪਰਾਲੇ ਕਰਦੀ ਰਹੇ। ❞

**ਪਰਨਾਮ ਸਿੰਘ**

ਵਿੱਤੀ ਤੌਰ ਉੱਤੇ ਹੱਲਾਸ਼ੇਰੀ ਅਤੇ ਸਨਮਾਨ ਦਿੱਤਾ ਜਾਂਦਾ ਹੈ, ਜੋ ਖਿਡਾਰੀਆਂ ਨੂੰ ਖੇਡਾਂ ਨੂੰ ਪੇਸ਼ੇਵਰ ਤੌਰ 'ਤੇ ਅਪਣਾਉਣ ਲਈ ਪ੍ਰੇਰਿਤ ਕਰਦਾ ਹੈ। ਇਹ ਪਹਿਲ ਖੇਡ ਢਾਂਚੇ ਨੂੰ ਸੁਧਾਰਨ ਦੀ ਵਚਨਬੱਧਤਾ ਦੇ ਅਨੁਕੂਲ ਵੀ ਹੈ, ਜਿਸ ਤਹਿਤ ਪੰਜਾਬ ਭਰ ਵਿੱਚ ਸਟੇਡੀਅਮਾਂ, ਟਰੇਨਿੰਗ ਸੈਂਟਰਾਂ ਅਤੇ ਕੋਚਿੰਗ ਸਹੂਲਤਾਂ ਨੂੰ ਅੱਪਗ੍ਰੇਡ ਕੀਤਾ ਜਾ ਰਿਹਾ ਹੈ।

ਇਹ ਸਮਾਰੋਹ ਖੇਡਾਂ ਤੋਂ ਇਲਾਵਾ ਪੰਜਾਬ ਦੇ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਪਾਸੇ ਲਾਉਣ ਦਾ ਵੱਡਾ ਉਦੇਸ਼ ਪੂਰਾ ਕਰਦਾ ਹੈ, ਜਿਸ ਨਾਲ ਉਨ੍ਹਾਂ ਨੂੰ ਨਸ਼ਿਆਂ ਅਤੇ ਬੇਰੁਜ਼ਗਾਰੀ ਵਰਗੀਆਂ ਅਲਾਮਤਾਂ ਤੋਂ ਦੂਰ ਰੱਖਣ ਵਿੱਚ ਮਦਦ ਮਿਲਦੀ ਹੈ। ਪੁਰਾਤਨ ਖੇਡਾਂ ਨੂੰ ਸੁਰਜੀਤ ਕਰਕੇ ਅਤੇ ਆਧੁਨਿਕ ਖੇਡਾਂ ਨੂੰ ਉਤਸ਼ਾਹਿਤ ਕਰਕੇ ਪੰਜਾਬ ਸਰਕਾਰ ਇੱਕ ਤੰਦਰੁਸਤ ਪੰਜਾਬ ਦੀ ਨੀਂਹ ਰੱਖ ਰਹੀ ਹੈ।

ਹਰ ਸਾਲ ਇਹ ਸਮਾਰੋਹ ਹੋਰ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਬਣਦਾ ਜਾ ਰਿਹਾ ਹੈ। "ਖੇਡਾਂ ਵਤਨ ਪੰਜਾਬ ਦੀਆਂ" ਸਿਰਫ਼ ਇੱਕ ਖੇਡ ਮੇਲਾ ਨਹੀਂ, ਸਗੋਂ ਇੱਕ ਲਹਿਰ ਬਣ ਚੁੱਕਾ ਹੈ, ਜੋ ਪੰਜਾਬ ਦੀ ਵਿਸ਼ਵ-ਪੱਧਰੀ ਖਿਡਾਰੀ ਪੈਦਾ ਕਰਨ ਦੀ ਵਿਰਾਸਤ ਨੂੰ ਫਿਰ ਤੋਂ ਜਿਉਂਦਾ ਕਰ ਰਿਹਾ ਹੈ ਅਤੇ ਰਾਜ ਦੀ ਪਛਾਣ ਨੂੰ "ਚੈਂਪੀਅਨਾਂ ਦੀ ਧਰਤੀ" ਵਜੋਂ ਮਜ਼ਬੂਤ ਕਰ ਰਿਹਾ ਹੈ।







❝ ਮੈਂ ਰਸਮੀਨ ਕੌਰ ਪੁਤਰੀ ਤੇਜਪਾਲ ਸਿੰਘ ਵਾਸੀ ਇੰਦਰਾ ਕਲੋਨੀ ਗਲੀ ਨੰ: 1 ਪਠਾਨਕੋਟ ਬਿਆਨ ਕਰਦੀ ਹਾਂ ਕਿ ਖੇਡਾਂ ਵਤਨ ਪੰਜਾਬ ਦੀਆਂ ਖਿਡਾਰੀਆਂ ਲਈ ਬਹੁਤ ਫਾਇਦੇਮੰਦ ਹੈ, ਮੈਨੂੰ ਬਹੁਤ ਖੁਸੀ ਹੋਈ ਜਦੋਂ ਮੇਰਾ ਸਟੇਟ ਟੂਰਨਾਮੈਂਟ ਤੈਰਾਕੀ 2024 ਵਿਚ ਦੂਜਾ ਅਤੇ ਤੀਜਾ ਸਥਾਨ ਆਇਆ ਹੁਣ ਮੈਨੂੰ 7000 ਅਤੇ 5000 ਰੁਪਏ ਇਨਾਮ ਦੇ ਤੌਰ ਮਿਲਣਗੇ ❞

**ਰਸਮੀਨ ਕੌਰ ਇੰਦਰਾ ਕਲੋਨੀ, ਪਠਾਨਕੋਟ**



❝ ਜੋ ਪੰਜਾਬ ਸਰਕਾਰ ਨੇ ਖੇਡਾਂ ਵਤਨ ਪੰਜਾਬ ਦੀਆਂ ਸ਼ੁਰੂ ਕੀਤਾ ਹੈ। ਇਹ ਖਿਡਾਰੀਆਂ ਲਈ ਬਹੁਤ ਹੀ ਵਧੀਆ ਉਪਰਾਲਾ ਹੈ। ਇਹਨਾਂ ਟੂਰਨਮੈਂਟਾਂ ਵਿੱਚ ਬਲਾਕ ਪੱਧਰੀ ਜ਼ਿਲ੍ਹਾ ਪੱਧਰੀ ਤੇ ਸਟੇਟ ਪਧਰੀ ਟੂਰਨਾਮੈਂਟ ਕਰਵਾਏ ਜਾਂਦੇ ਹਨ ਇਹਨਾਂ ਟੂਰਨਾਮੈਂਟ ਵਿੱਚ ਸਟੇਟ ਪੱਧਰੀ ਤੇ ਕੈਸ਼ ਅਵਾਰਡ ਵੀ ਮਿਲਦੇ ਹਨ ਪ੍ਰੈਕਟਿਸ ਦੌਰਾਨ ਬੱਚਿਆਂ ਨੂੰ ਡਾਇਟ ਵੀ ਸਰਕਾਰ ਵੱਲੋਂ ਦਿੱਤੀ ਜਾਂਦੀ ਹੈ ❞

**ਅੰਸ਼ਪ੍ਰੀਤ ਸਿੰਘ**

# 'ਸੀ. ਐੱਮ. ਦੀ ਯੋਗਸ਼ਾਲਾ'

## ਮੁਫ਼ਤ ਯੋਗ ਰਾਹੀਂ ਸਿਹਤਮੰਦ ਜੀਵਨ ਜਿਉਣ ਦੀ ਪਹਿਲ

ਯੋਗ ਸਦੀਆਂ ਤੋਂ ਭਾਰਤੀ ਪਰੰਪਰਾ ਦਾ ਇੱਕ ਅਟੁੱਟ ਹਿੱਸਾ ਰਿਹਾ ਹੈ, ਜੋ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਨੂੰ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਲੋਕਾਂ ਨੂੰ ਯੋਗ ਦੀ ਸ਼ਕਤੀ ਨਾਲ ਜੋੜਨ ਅਤੇ ਉਨ੍ਹਾਂ ਨੂੰ ਸਿਹਤਮੰਦ, ਤਣਾਅ ਮੁਕਤ ਜੀਵਨ ਜਿਉਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ 'ਸੀ. ਐਮ. ਦੀ ਯੋਗਸ਼ਾਲਾ' ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ। ਇਹ ਪਹਿਲ ਲੋਕਾਂ ਨੂੰ ਸਰੀਰਕ ਤੌਰ 'ਤੇ ਤੰਦਰੁਸਤ ਅਤੇ ਮਾਨਸਿਕ ਤੌਰ' ਤੇ ਮਜ਼ਬੂਤ ਰੱਖਣ ਲਈ ਸ਼ੁਰੂ ਕੀਤੀ ਗਈ ਹੈ।

ਮੁੱਖ ਮੰਤਰੀ ਦੀ ਯੋਗਸ਼ਾਲਾ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿੱਚ ਆਯੋਜਿਤ ਕੀਤੀ ਜਾਣ ਵਾਲੀ ਮੁਫ਼ਤ ਯੋਗ ਵਰਕਸ਼ਾਪ ਹੈ। ਯੋਗ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਮੁਹਾਰਤ ਪ੍ਰਦਾਨ ਕਰਨ ਲਈ ਪੰਜਾਬ

ਸਰਕਾਰ ਦੁਆਰਾ ਨਿਯੁਕਤ ਯੋਗ ਸਿੱਖਿਅਕਾਂ ਦੁਆਰਾ ਇਹ ਸੈਸ਼ਨ ਆਯੋਜਿਤ ਕੀਤੇ ਜਾਂਦੇ ਹਨ। ਇਸ ਪਹਿਲ ਦਾ ਮੁੱਖ ਉਦੇਸ਼ ਯੋਗ ਰਾਹੀਂ ਨਾਗਰਿਕਾਂ ਨੂੰ ਸਿਹਤ ਪੱਖੋਂ ਤੰਦਰੁਸਤ ਅਤੇ ਮਾਨਸਿਕ ਤੌਰ 'ਤੇ ਸ਼ਾਂਤ ਰੱਖਣਾ ਹੈ।

ਇਨ੍ਹਾਂ ਯੋਗ ਅਭਿਆਸਾ ਵਿੱਚ ਹਿੱਸਾ ਲੈ ਕੇ ਲੋਕ ਨਾ ਸਿਰਫ ਆਪਣੀ ਸਰੀਰਕ ਸਿਹਤ ਵਿੱਚ ਸੁਧਾਰ ਕਰ ਰਹੇ ਹਨ ਸਗੋਂ ਬਿਮਾਰੀਆਂ ਦੀ ਰੋਕਥਾਮ ਅਤੇ ਤਣਾਅ ਨੂੰ ਘੱਟ ਕਰਨ ਵਿੱਚ ਵੀ ਮਦਦ ਕਰ ਰਹੇ ਹਨ। 'ਸੀ.ਐੱਮ. ਦੀ ਯੋਗਸ਼ਾਲਾ' ਲੋਕਾਂ ਨੂੰ ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿੱਚੋਂ ਕੁਝ ਸਮਾਂ ਕੱਢ ਕੇ ਮਾਨਸਿਕ ਸ਼ਾਂਤੀ ਅਤੇ ਅੰਦਰੂਨੀ ਸੰਤੁਲਨ ਪ੍ਰਾਪਤ ਕਰਨ ਦਾ ਮੌਕਾ ਪ੍ਰਦਾਨ ਕਰਦੀ ਹੈ। ਪੰਜਾਬ ਸਰਕਾਰ ਨੇ ਇਸ ਪਹਿਲਕਦਮੀ ਤਹਿਤ ਯੋਗਾ ਇੰਸਟ੍ਰਕਟਰ ਨਿਯੁਕਤ ਕੀਤੇ ਹਨ ਤਾਂ ਜੋ ਹਰ ਉਮਰ ਅਤੇ ਪਿਛੋਕੜ ਦੇ ਲੋਕ ਇਸ ਪਰਿਵਰਤਨਕਾਰੀ ਅਭਿਆਸ ਤੋਂ ਲਾਭ ਲੈ ਸਕਣ।



" ਮੈਨੂੰ ਗੈਸ ਅਤੇ ਓਵਰਵੇਟ ਦੀ ਕਾਫ਼ੀ ਸਮੱਸਿਆ ਸੀ। ਸੀ.ਐਮ. ਦੀ ਯੋਗਸ਼ਾਲਾ ਵਿੱਚ ਕਲਾਸ ਲਗਾਉਣ ਤੋਂ ਬਾਅਦ ਮੈਂ ਯੋਗ ਨੂੰ ਆਪਣੀ ਜ਼ਿੰਦਗੀ ਦਾ ਹਿੱਸਾ ਬਣਾ ਲਿਆ ਅਤੇ ਮੈਂ ਹੁਣ ਪਹਿਲਾਂ ਨਾਲੋਂ ਕਾਫ਼ੀ ਸਿਹਤਮੰਦ ਮਹਿਸੂਸ ਕਰ ਰਹੀ ਹੈ। ਮੇਰੀ ਗੈਸ ਦੀ ਸਮੱਸਿਆ ਠੀਕ ਹੋ ਗਈ ਅਤੇ ਮੇਰਾ ਭਾਰ ਵੀ ਕੰਟਰੋਲ ਵਿੱਚ ਹੈ। ਮੈਂ ਸੀ.ਐਮ. ਦੀ ਯੋਗਸ਼ਾਲਾ ਲਈ ਪੰਜਾਬ ਸਰਕਾਰ ਦਾ ਤਹਿ ਦਿਲੋ ਧੰਨਵਾਦ ਕਰਦੀ ਹਾਂ। "

**ਦਵਿੰਦਰ ਕੌਰ**
**ਪਿੰਡ ਦਿਆਲਾ, ਬਲਾਕ ਸੜੋਆ,**
**ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ।**



" ਮੈਂ ਦੱਸਣਾ ਚਾਹੁੰਦਾ ਹਾਂ ਕਿ ਮੈਨੂੰ ਮਾਨਸਿਕ ਉਲਝਣਾ ਤਕਲੀਫ਼ ਦੇ ਰਹੀਆਂ ਸਨ। ਮੈਂ ਮਾਨਸਿਕ ਦਬਾਅ, ਤਣਾਅ, ਓ.ਸੀ. ਡੀ, ਨੀਂਦ ਨਾ ਆਉਣਾ ਤੇ ਭਾਰ ਵਧਣ ਜਿਹੀਆਂ ਬਿਮਾਰੀਆਂ ਦਾ ਸ਼ਿਕਾਰ ਸੀ ਪਰੰਤੂ ਸੀ.ਐਮ. ਦੀ ਯੋਗਸ਼ਾਲਾ ਪਟਿਆਲਾ ਦਾ ਲਾਭ ਲੈਕੇ ਮੈਂ ਇਨ੍ਹਾਂ ਸਾਰੀਆਂ ਬਿਮਾਰੀਆਂ ਤੋਂ ਕਾਫ਼ੀ ਹੱਦ ਤੱਕ ਰਾਹਤ ਪਾ ਲਈ ਹੈ। ਮੈਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ, ਜਿਨ੍ਹਾਂ ਨੇ ਪੰਜਾਬ ਦੇ ਲੋਕਾਂ ਦਾ ਭਲਾ ਕਰਦਿਆਂ ਲੋਕਾਂ ਨੂੰ ਦਵਾਈਆਂ ਤੋਂ ਖਹਿੜਾ ਛੁਡਵਾ ਕੇ ਯੋਗਾ ਰਾਹੀਂ ਕੁਦਰਤੀ ਤਰੀਕੇ ਨਾਲ ਬਿਮਾਰੀਆਂ ਤੋਂ ਛੁਟਕਾਰਾ ਦਿਵਾਇਆ ਹੈ। "

**ਜਸਵੰਤ ਸਿੰਘ ਟਿਵਾਣਾ**
**ਸਾਬਕਾ ਐਮ.ਸੀ. ਤੇ ਸਕੱਤਰ, ਵਾਤਾਵਰਣ ਪਾਰਕ ਪਟਿਆਲਾ**



# ਪੰਜਾਬ ਦਾ ਨਸ਼ਿਆਂ ਖ਼ਿਲਾਫ਼ ਯੁੱਧ

# ਸੂਬਾ ਸਰਕਾਰ ਦੀ ਨਸ਼ਾ ਮੁਕਤ ਰਾਜ ਬਣਾਉਣ ਲਈ ਲੜਾਈ

ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਨਸ਼ਿਆਂ ਵਿਰੁੱਧ ਆਪਣੀ ਲੜਾਈ ਹੋਰ ਤੇਜ਼ ਕਰ ਦਿੱਤੀ ਹੈ। ਇਸ ਨੂੰ ਸੂਬੇ ਦੀਆ ਸਭ ਤੋਂ ਗੰਭੀਰ ਚੁਣੌਤੀਆਂ ਵਿੱਚੋਂ ਇੱਕ ਮੰਨਦੇ ਹੋਏ ਸਾਲ 2022 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ, ਸੂਬਾ ਸਰਕਾਰ ਨੇ ਇਸ ਸਮੱਸਿਆ 'ਤੇ ਕਾਬੂ ਪਾਉਣ ਲਈ ਇੱਕ ਬਹੁ-ਪੱਖੀ ਰਣਨੀਤੀ ਅਪਣਾਈ ਹੈ, ਜਿਸ ਵਿੱਚ ਕਾਨੂੰਨੀ ਕਾਰਵਾਈ, ਮੁੜ ਵਸੇਬਾ ਤੇ ਜਾਗਰੂਕਤਾ ਵਰਗੇ ਮੁੱਖ ਪੱਖਾਂ 'ਤੇ ਧਿਆਨ ਕੇਂਦਰਿਤ ਕੀਤਾ ਗਿਆ ਹੈ।



**ਨਸ਼ਾ ਤਸਕਰਾਂ 'ਤੇ ਸਖ਼ਤ ਕਾਰਵਾਈ**

ਸੂਬਾ ਸਰਕਾਰ ਨੇ ਪੰਜਾਬ ਪੁਲਿਸ ਦੀ ਐਂਟੀ-ਨਾਰਕੋਟਿਕਸ ਟਾਸਕ ਫੋਰਸ (ਏ.ਐਨ.ਟੀ.ਐਫ) ਨੂੰ ਹੋਰ ਮਜ਼ਬੂਤ ਬਣਾਇਆ ਹੈ ਤਾਂ ਕਿ ਨਸ਼ਿਆਂ ਦੀ ਸਪਲਾਈ ਚੇਨ ਨੂੰ ਖਤਮ ਕੀਤਾ ਜਾ ਸਕੇ। ਵੱਡੇ ਪੱਧਰ 'ਤੇ ਛਾਪੇ ਮਾਰ ਕੇ ਵੱਡੀ ਮਾਤਰਾ ਵਿੱਚ ਨਸ਼ੀਲੇ ਪਦਾਰਥ ਜ਼ਬਤ ਕੀਤੇ ਗਏ ਹਨ ਅਤੇ ਕਈ ਵੱਡੇ ਨਸ਼ਾ ਤਸਕਰ ਗ੍ਰਿਫ਼ਤਾਰ ਕੀਤੇ ਗਏ ਹਨ। ਇਸ ਤੋਂ ਇਲਾਵਾ, ਸਰਕਾਰ ਨੇ ਉਨ੍ਹਾਂ ਭ੍ਰਿਸ਼ਟ ਅਧਿਕਾਰੀਆਂ 'ਤੇ ਵੀ ਕਾਰਵਾਈ ਕੀਤੀ ਹੈ, ਜੋ ਨਸ਼ਿਆਂ ਦੇ ਕਾਰੋਬਾਰ ਵਿਚ ਸ਼ਾਮਲ ਹਨ।

**ਮੁੜ ਵਸੇਬਾ ਅਤੇ ਨਸ਼ਾ ਛੁਡਾਊ ਪ੍ਰੋਗਰਾਮ**

ਸੂਬਾ ਸਰਕਾਰ ਨੂੰ ਇਹ ਚੰਗੀ ਤਰ੍ਹਾਂ ਪਤਾ ਹੈ ਕਿ ਕੇਵਲ ਸਖ਼ਤ ਕਾਰਵਾਈ ਨਾਲ ਨਸ਼ਿਆਂ ਦੀ ਸਮੱਸਿਆ ਹੱਲ ਨਹੀਂ ਹੋ ਸਕਦੀ, ਇਸ ਕਰਕੇ ਨਸ਼ਾ ਪੀੜਤਾਂ ਦੇ ਪੁਨਰਵਾਸ 'ਤੇ ਵੀ ਧਿਆਨ ਦਿੱਤਾ ਜਾ ਰਿਹਾ ਹੈ ਅਤੇ ਓ.ਓ.ਏ.ਟੀ ਕਲੀਨਿਕ ਸਥਾਪਤ ਕੀਤੇ ਗਏ ਹਨ, ਜਿੱਥੇ ਮੁਫ਼ਤ ਦਵਾਈਆਂ ਅਤੇ ਕਾਉਂਸਲਿੰਗ ਸੇਵਾਵਾਂ ਦਿੱਤੀਆਂ ਜਾ ਰਹੀਆਂ ਹਨ। ਨਸ਼ਾ ਮੁਕਤੀ ਕੇਂਦਰਾਂ ਨੂੰ ਆਧੁਨਿਕ ਬਣਾਇਆ ਗਿਆ ਹੈ ਤਾਂ ਕਿ ਪ੍ਰਭਾਵਸ਼ਾਲੀ ਮੁੜ ਵਸੇਬਾ ਉਪਲਬਧ ਹੋ ਸਕਣ।

**ਸਮਾਜਿਕ ਹਿੱਸੇਦਾਰੀ ਅਤੇ ਜਾਗਰੂਕਤਾ ਮੁਹਿੰਮਾਂ**

ਨੌਜਵਾਨਾਂ ਨੂੰ ਨਸ਼ਿਆਂ ਤੋਂ ਬਚਾਉਣ ਲਈ ਸਰਕਾਰ ਨੇ ਸਕੂਲਾਂ ਅਤੇ ਕਾਲਜਾਂ ਵਿੱਚ ਜਾਗਰੂਕਤਾ ਮੁਹਿੰਮਾਂ ਸ਼ੁਰੂ ਕੀਤੀਆਂ ਹਨ, ਜਿਨ੍ਹਾਂ ਵਿੱਚ ਨਸ਼ੇ ਦੀ ਲਤ ਦੇ ਖ਼ਤਰੇ ਬਾਰੇ ਦੱਸਿਆ ਜਾਂਦਾ ਹੈ। ਇਸ ਤੋਂ ਇਲਾਵਾ, "ਖੇਡਾਂ ਵਤਨ ਪੰਜਾਬ ਦੀਆਂ" ਵਰਗੀਆਂ ਖੇਡ ਮੁਹਿੰਮਾਂ ਵੀ ਨੌਜਵਾਨਾਂ ਦੀ ਊਰਜਾ ਨੂੰ ਉਸਾਰੂ ਗਤੀਵਿਧੀਆਂ ਵੱਲ ਮੋੜਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੀਆਂ ਹਨ।

**ਦੂਜੇ ਰਾਜਾਂ ਅਤੇ ਕੇਂਦਰੀ ਏਜੰਸੀਆਂ ਦਾ ਸਹਿਯੋਗ**

ਨਸ਼ਿਆਂ ਦੀ ਸਪਲਾਈ ਲੜੀ ਨੂੰ ਤੋੜਨ ਲਈ ਪੰਜਾਬ ਸਰਕਾਰ ਨੇ ਗੁਆਂਢੀ ਰਾਜਾਂ ਅਤੇ ਕੇਂਦਰੀ ਏਜੰਸੀਆਂ ਨਾਲ ਸਹਿਯੋਗ




**❝ ਨਸ਼ਿਆਂ ਵਿਰੁੱਧ ਮੁਹਿੰਮ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਸੂਬੇ ਵਿੱਚ ਇਸ ਬੁਰਾਈ ਨੂੰ ਜੜ੍ਹ ਤੋਂ ਖਤਮ ਨਹੀਂ ਕਰ ਦਿੱਤਾ ਜਾਂਦਾ ❞**

**ਭਗਵੰਤ ਸਿੰਘ ਮਾਨ**
**ਮੁੱਖ ਮੰਤਰੀ ਪੰਜਾਬ**

ਵਧਾਇਆ ਹੈ, ਜਿਸ ਨਾਲ ਖੁਫ਼ੀਆ ਜਾਣਕਾਰੀ ਸਾਂਝੀ ਕਰਨ ਅਤੇ ਸੀਮਾ ਸੁਰੱਖਿਆ ਮਜ਼ਬੂਤ ਕਰਨ ਵਿੱਚ ਮਦਦ ਮਿਲੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੀ ਅੰਤਰਰਾਸ਼ਟਰੀ ਸਰਹੱਦ 'ਤੇ ਨਿਗਰਾਨੀ ਹੋਰ ਕਰੜੀ ਕਰਨ ਦੀ ਮੰਗ ਵੀ ਕੀਤੀ ਹੈ।

**ਸਿੱਟਾ**

ਕਈ ਚੁਣੌਤੀਆਂ ਦੇ ਬਾਵਜੂਦ ਭਗਵੰਤ ਮਾਨ ਜੀ ਦੀ ਅਗਵਾਈ ਹੇਠ ਪੰਜਾਬ ਨੇ ਨਸ਼ਿਆਂ ਵਿਰੁੱਧ ਲੜਾਈ 'ਚ ਮਹੱਤਵਪੂਰਨ ਪ੍ਰਗਤੀ ਦਿਖਾਈ ਹੈ। ਇਹ ਜੰਗ ਹਾਲੇ ਖਤਮ ਨਹੀਂ ਹੋਈ ਸੂਬਾ ਸਰਕਾਰ ਜਾਗਰੂਕਤਾ ਫੈਲਾਉਣ ਲਈ ਅਣਥੱਕ ਯਤਨ ਕਰਕੇ ਪੰਜਾਬ ਦੇ ਭਵਿੱਖ ਨੂੰ ਨਸ਼ਿਆਂ ਤੋਂ ਮੁਕਤ ਕਰਨ ਲਈ ਪੂਰੀ ਤਰ੍ਹਾਂ ਵਚਨਬਧ ਹੈ।



❝ ਨਸ਼ਿਆ ਵਿਰੁੱਧ ਜੰਗ:-ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਪਿੰਡਾਂ ਅਤੇ ਸਹਿਰਾਂ ਵਿੱਚ ਸੈਮੀਨਾਰ ਲਗਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ ।ਮੈਂ ਪੰਜਾਬ ਸਰਕਾਰ ਦਾ ਇਸ ਉਪਰਾਲੇ ਲਈ ਬਹੁਤ ਧੰਨਵਾਦੀ ਹਾਂ। ❞

**ਰਵਿੰਦਰ ਗਿੱਲ**
**ਗੀਤਾ ਭਵਨ ਰੋਡ,ਜ਼ਿਲ੍ਹਾ-ਗੁਰਦਾਸਪੁਰ**



❝ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ। ਇਸ ਮੁਹਿੰਮ ਤਹਿਤ ਪੰਜਾਬ ਸਰਕਾਰ ਦੇ ਵੱਖ-ਵੱਖ ਮਹਿਕਮਿਆਂ ਅਤੇ ਸਮਾਜ ਸੇਵੀ ਸੰਸਥਾਵਾਂ ਵੱਲੋਂ ਪਿੰਡਾਂ ਅਤੇ ਸਹਿਰਾਂ ਵਿਚ ਸੈਮੀਨਾਰ ਲਗਾ ਕੇ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਸੁਚੇਤ ਕੀਤਾ ਜਾ ਰਿਹਾ ਹੈ ਅਤੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ❞

**ਸੰਜੀਵ ਕੁਮਾਰ ਮਾਰਸ਼ਲ,**
**ਫਾਜ਼ਿਲਕਾ**



❝ ਮੈਂ 66 ਸੈਕਟਰ ਹਸਪਤਾਲ ਵਿੱਚ ਦਾਖਲ ਰਿਹਾ ਸੀ। ਜਿੱਥੇ ਮੈਨੂੰ ਬਹੁਤ ਹੀ ਵਧੀਆ ਇਲਾਜ਼ ਮਿਲਿਆ ਹੈ। ਇੱਥੋਂ ਦਾ ਸਾਰਾ ਸਟਾਫ ਬਹੁਤ ਹੀ ਮਿਹਨਤੀ ਹੈ। ਮਰੀਜਾਂ ਦਾ ਬਹੁਤ ਦੇਖਭਾਲ ਕਰਦਾ ਹੈ। ਦਵਾਈ, ਖਾਣਾ ਸਭ ਵਧੀਆ ਤਰ੍ਹਾਂ ਮਿਲਦਾ ਹੈ। ਇਸ ਲਈ ਮੈਂ ਪੰਜਾਬ ਸਰਕਾਰ ਦੇ ਇਸ ਉਪਰਾਲੇ ਦਾ ਬਹੁਤ ਧੰਨਵਾਦ ਕਰਦਾਂ ਹਾਂ। ❞

**ਰਾਜੇਸ਼ ਕੁਮਾਰ ਸ਼ਰਮਾ, ਸਰਹੰਦ ਮੰਡੀ**

# ਜ਼ਮੀਨ ਰਜਿਸਟ੍ਰੇਸ਼ਨ ਲਈ ਐਨ.ਓ.ਸੀ ਦੀ ਸ਼ਰਤ ਖ਼ਤਮ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਇੱਕ ਇਤਿਹਾਸਕ ਫ਼ੈਸਲਾ ਲੈਂਦੇ ਹੋਏ ਜ਼ਮੀਨ ਰਜਿਸਟ੍ਰੇਸ਼ਨ ਲਈ ਇਤਰਾਜਹੀਣਤਾ (ਐਨ. ਓ. ਸੀ) ਦੀ ਸ਼ਰਤ ਖ਼ਤਮ ਕਰ ਦਿੱਤੀ ਹੈ। ਇਸ ਫ਼ੈਸਲੇ ਨਾਲ ਸੂਬੇ ਭਰ ਦੇ ਹਜ਼ਾਰਾਂ ਨਿਵਾਸੀਆਂ ਨੂੰ ਵੱਡੀ ਰਾਹਤ ਮਿਲੀ ਹੈ।

ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ (ਸੋਧ) ਐਕਟ, 2024 ਨੂੰ ਹੁਣ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਮਨਜ਼ੂਰੀ ਮਿਲ ਗਈ ਹੈ, ਜਿਸ ਨਾਲ ਜ਼ਮੀਨ ਰਜਿਸਟ੍ਰੇਸ਼ਨ ਲਈ ਐਨ. ਓ. ਸੀ. ਲੈਣ ਦੀ ਸਾਲਾਂ ਪੁਰਾਣੀ ਲੋੜ ਅਧਿਕਾਰਕ ਤੌਰ 'ਤੇ ਖਤਮ ਹੋ ਗਈ ਹੈ। ਇਸ ਫ਼ੈਸਲੇ ਨਾਲ ਜ਼ਮੀਨ ਦੀ ਰਜਿਸਟ੍ਰੇਸ਼ਨ ਪ੍ਰਕਿਰਿਆ ਆਸਾਨ ਹੋਵੇਗੀ ਅਤੇ ਛੋਟੇ ਜ਼ਮੀਨ ਮਾਲਕਾਂ ਦਾ ਪ੍ਰਸ਼ਾਸਨਿਕ ਦੇਰੀ ਅਤੇ ਸ਼ੋਸ਼ਣ ਤੋਂ ਬਚਾਅ ਹੋਵੇਗਾ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਨਵੇਂ ਕਾਨੂੰਨ ਨੂੰ ਆਮ ਲੋਕਾਂ 'ਤੇ ਪੈ ਰਹੇ ਵਾਧੂ ਭਾਰ ਨੂੰ ਘਟਾਉਣ




ਵੱਲ ਇਤਿਹਾਸਕ ਕਦਮ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਇਹ ਸੋਧ ਗੈਰ ਕਾਨੂੰਨੀ



" ਮੇਰੇ ਵਲੋਂ ਹਾਲ ਹੀ ਵਿੱਚ ਸਬ ਰਜਿਸਟਰਾਰ ਦਫ਼ਤਰ ਤੋਂ ਰਜਿਸਟਰੀ ਕਰਵਾਈ ਗਈ ਹੈ। ਇਹ ਰਜਿਸਟਰੀ ਮੇਰੇ ਵਲੋਂ ਆਨਲਾਈਨ ਬੁਕਿੰਗ ਕਰਕੇ ਕਰਵਾਈ ਗਈ ਅਤੇ ਜੋ ਸਮਾਂ ਮੈਨੂੰ ਮਿਲਿਆ ਸੀ ਮੈਂ ਉਸ ਸਮੇਂ ਮੁਤਾਬਿਕ ਦਫ਼ਤਰ ਗਈ ਤੇ ਆਪਣੀ ਰਜਿਸਟਰੀ ਕਰਵਾ ਲਈ। ਸਬ ਰਜਿਸਟਰਾਰ ਦਫ਼ਤਰ ਦੇ ਮੁਲਾਜ਼ਮਾਂ ਦਾ ਵਿਵਹਾਰ ਬਹੁਤ ਹੀ ਵਧੀਆ ਸੀ। ਇਸ ਲਈ ਮੈਂ ਪੰਜਾਬ ਸਰਕਾਰ ਵਲੋਂ ਸੂਬਾ ਵਾਸੀਆਂ ਨੂੰ ਬਿਨ੍ਹਾਂ ਕਿਸੇ ਦੇਰੀ ਦੇ ਪਾਰਦਰਸ਼ੀ ਢੰਗ ਨਾਲ ਮੁਹੱਈਆ ਕਰਵਾਈਆਂ ਜਾ ਰਹੀਆਂ ਸੇਵਾਵਾਂ ਲਈ ਧੰਨਵਾਦ ਕਰਦੀ ਹਾਂ। "

**ਸੁਮਨ ਮਲਹੋਤਰਾ ਪਤਨੀ ਜਤਿੰਦਰ ਮਲਹੋਤਰਾ, ਸ਼ਾਸ਼ਤਰੀ ਨਗਰ, ਜਲੰਧਰ।**

ਕਾਲੋਨੀਆਂ ਦੇ ਵਿਕਾਸ 'ਤੇ ਰੋਕ ਲਗਾਉਣ ਅਤੇ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਯਕੀਨੀ ਬਣਾਉਣ ਲਈ ਲਿਆਂਦੀ ਗਈ ਹੈ।

**ਨਵੇਂ ਉਪਬੰਧ ਅਨੁਸਾਰ:**

31 ਜੁਲਾਈ 2024 ਤੱਕ ਪਾਵਰ ਆਫ਼ ਅਟਾਰਨੀ, ਸਟੈਂਪ ਪੇਪਰ 'ਤੇ ਵਿਕਰੀ ਸਮਝੌਤਾ ਜਾਂ ਹੋਰ ਕਾਨੂੰਨੀ ਦਸਤਾਵੇਜ਼ਾਂ ਰਾਹੀਂ 500 ਗਜ਼ ਤੱਕ ਦੀ ਗੈਰਕਾਨੂੰਨੀ ਕਾਲੋਨੀ 'ਚ ਜ਼ਮੀਨ ਖਰੀਦਣ ਵਾਲਿਆਂ ਨੂੰ ਹੁਣ ਰਜਿਸਟ੍ਰੇਸ਼ਨ ਲਈ ਐਨ. ਓ. ਸੀ. ਦੀ ਲੋੜ ਨਹੀਂ ਹੋਵੇਗੀ। ਇਸ ਫ਼ੈਸਲੇ ਨਾਲ ਉਨ੍ਹਾਂ ਹਜ਼ਾਰਾਂ ਲੋਕਾਂ ਨੂੰ ਲਾਭ ਹੋਵੇਗਾ, ਜਿਨ੍ਹਾਂ ਨੇ ਅਜਿਹੀਆਂ ਪ੍ਰਾਪਰਟੀਆਂ ਵਿੱਚ ਨਿਵੇਸ਼ ਕੀਤਾ ਸੀ, ਪਰ ਕਾਨੂੰਨੀ ਅੜਿੱਕਿਆਂ ਕਰਕੇ ਮਲਕੀਅਤ ਦੇ ਹੱਕ ਨਹੀਂ ਲੈ ਸਕਦੇ ਸਨ।

ਮੁੱਖ ਮੰਤਰੀ ਨੇ ਪੁਸ਼ਟੀ ਕੀਤੀ ਕਿ ਇਹ ਨਵਾਂ ਕਾਨੂੰਨ ਜਾਇਦਾਦ ਖਰੀਦਦਾਰਾਂ ਨੂੰ ਬੇਤਰਤੀਏ ਵਿਕਾਸ ਦੇ ਪ੍ਰਭਾਵਾਂ ਤੋਂ ਬਚਾਏਗਾ ਅਤੇ ਉਨ੍ਹਾਂ ਕਾਲੋਨਾਈਜ਼ਰਾਂ ਨੂੰ ਜ਼ਿੰਮੇਵਾਰ ਬਣਾਏਗਾ, ਜਿਨ੍ਹਾਂ ਨੇ ਵਿੱਤੀ ਲਾਭ ਲਈ ਪ੍ਰਣਾਲੀ ਦੀ ਦੁਰਵਰਤੋਂ ਕੀਤੀ।



**ਸਿੱਟਾ**

ਇਸ ਵਿਕਾਸ ਭਰਪੂਰ ਉਪਰਾਲੇ ਅਤੇ ਲੋਕ-ਹਿਤੈਸ਼ੀ ਸੁਧਾਰ ਨਾਲ ਪੰਜਾਬ ਹੁਣ ਇੱਕ ਪਾਰਦਰਸ਼ੀ ਅਤੇ ਸੁਚਾਰੂ ਜ਼ਮੀਨ ਰਜਿਸਟ੍ਰੇਸ਼ਨ ਪ੍ਰਣਾਲੀ ਵੱਲ ਵਧ ਰਿਹਾ ਹੈ। ਇਸ ਨਾਲ ਜਾਇਦਾਦ ਦੀ ਮਲਕੀਅਤ ਲੈਣ ਦੀ ਪ੍ਰਕਿਰਿਆ ਹੁਣ ਹੋਰ ਵੀ ਆਸਾਨ ਅਤੇ ਰੁਕਾਵਟ-ਰਹਿਤ ਹੋ ਜਾਵੇਗੀ।



" ਪੰਜਾਬ ਸਰਕਾਰ ਵੱਲੋਂ ਪਲਾਟ ਦੀ ਐਨ.ਓ.ਸੀ ਖਤਮ ਕਰਕੇ ਕ੍ਰਾਂਤੀਕਾਰੀ ਕੰਮ ਕੀਤਾ ਗਿਆ ਹੈ। ਇਸ ਨਾਲ ਜ਼ਿਲ੍ਹੇ ਦੇ ਲੋਕਾਂ ਦੀ ਖੱਜਲ-ਖੁਆਰੀ ਦੂਰ ਹੋਈ ਹੈ ਲੋਕਾਂ ਦੇ ਖਰਚੇ ਘਟੇ ਹਨ। ਉਨ੍ਹਾਂ ਦੇ ਪਲਾਟਾਂ ਦੀਆਂ ਰਜਿਸਟਰੀਆਂ ਵੀ ਹੋਣ ਲੱਗ ਗਈਆਂ ਹਨ। "

**ਅਸ਼ੋਕ ਪ੍ਰਧਾਨ ਪੁੱਤਰ ਮੰਗਤ ਰਾਮ**
**ਗੀਤਾ ਭਵਨ ਰੋਡ, ਜ਼ਿਲ੍ਹਾ- ਗੁਰਦਾਸਪੁਰ**



" ਅਸੀਂ ਆਪਣੀ ਜਮੀਨ ਦੀ ਰਜਿਸਟਰੀ ਕਰਵਾਉਣੀ ਸੀ ਪਰ ਐਨ.ਓ.ਸੀ ਦੀ ਮੰਗ ਕੀਤੀ ਜਾਂਦੀ ਸੀ ਅਤੇ ਕਾਫ਼ੀ ਲੰਬੇ ਸਮੇਂ ਤੱਕ ਅਸੀਂ ਆਪਣੇ ਪਲਾਟ ਦੀ ਰਜਿਸਟਰੀ ਨਹੀਂ ਕਰਵਾ ਸਕੇ ਪਰ ਇਕ ਦਿਨ ਮੁੱਖ ਮੰਤਰੀ ਪੰਜਾਬ ਵੱਲੋਂ ਐਨ.ਓ.ਸੀ. ਖਤਮ ਕਰਨ ਦੀ ਘੋਸ਼ਣਾ ਕੀਤੀ ਗਈ ਅਤੇ ਅਸੀਂ ਜਿਵੇਂ ਹੀ ਦੂਜੇ ਦਿਨ ਤਹਿਸੀਲ ਕੰਪਲੈਕਸ ਅੰਦਰ ਰਜਿਸਟਰੀ ਕਰਵਾਉਣ ਲਈ ਗਏ ਅਤੇ ਬਿਨ੍ਹਾਂ ਕਿਸੇ ਐਨ.ਓ.ਸੀ. ਤੇ ਖੱਜਲ ਖੁਆਰੀ ਤੋਂ ਸਾਡੇ ਪਲਾਟ ਦੀ ਕੁੱਝ ਹੀ ਸਮੇਂ ਵਿੱਚ ਰਜਿਸਟਰੀ ਹੋ ਗਈ। "

**ਦਿਗਵਿਜੇ ਸਿੰਘ,**
**ਵਾਸੀ ਛੋਟਾ ਤਲੂਰ ਡਾਕਖਾਨਾ ਨਰੋਟ ਜੈਮਲ ਸਿੰਘ, ਜ਼ਿਲ੍ਹਾ ਪਠਾਨਕੋਟ।**

# ਗਿਆਨ ਰਾਹੀਂ ਪੰਜਾਬ ਨੂੰ ਮਜ਼ਬੂਤ ਬਣਾਉਣਾ

# ਸੂਬਾ ਸਰਕਾਰ ਦੀ ਲਾਇਬ੍ਰੇਰੀ ਕ੍ਰਾਂਤੀ



❝ ਪਿੰਡ ਸਲੇਮਸ਼ਾਹ ਫਾਜ਼ਿਲਕਾ ਵਿੱਚ ਸਰਕਾਰ ਨੇ ਲਾਇਬ੍ਰੇਰੀ ਬਣਾਈ ਹੈ।ਇਸ ਨਾਲ ਨੌਜਵਾਨਾਂ ਨੂੰ ਪੜ੍ਹਾਈ ਖਾਸ ਕਰਕੇ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਤਿਆਰੀ ਲਈ ਚੰਗਾ ਮਾਹੌਲ ਤੇ ਕਿਤਾਬਾਂ ਮਿਲ ਰਹੀਆਂ ਹਨ।ਨੌਜਵਾਨ ਪੜ੍ਹਨਗੇ ਤਾਂ ਹੀ ਅੱਗੇ ਵਧਣਗੇ। ❞

**ਸਮਰਾਟ ਪੁੱਤਰ ਪੂਰਨ ਚੰਦ**
**ਸਲੇਮਸ਼ਾਹ (ਫਾਜ਼ਿਲਕਾ)**

ਪਿਛਲੇ ਤਿੰਨ ਸਾਲਾਂ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਸਿੱਖਿਆ, ਗਿਆਨ ਅਤੇ ਸਾਖਰਤਾ ਨੂੰ ਹੁਲਾਰਾ ਦੇਣ ਲਈ ਬੇਮਿਸਾਲ ਵਚਨਬਧਤਾ ਦੁਹਰਾਈ ਹੈ। ਇਹਨਾਂ ਪਹਿਲਕਦਮੀਆਂ ਵਿੱਚੋਂ ਸਭ ਤੋਂ ਪ੍ਰਭਾਵਸ਼ਾਲੀ ਪਿੰਡਾਂ ਵਿਚ ਲਾਇਬ੍ਰੇਰੀਆਂ ਦੀ ਸਥਾਪਨਾ ਕਰਨਾ ਹੈ ਇਹ ਦੂਰਦਰਸ਼ੀ ਕਦਮ ਹੈ, ਜਿਸ ਦਾ ਮਕਸਦ ਨੌਜਵਾਨਾਂ ਨੂੰ ਪੜ੍ਹਣ ਲਈ ਉਤਸ਼ਾਹਿਤ ਕਰਨਾ ਅਤੇ ਉਨ੍ਹਾਂ ਨੂੰ ਸਮਰੱਥ ਬਣਾਉਣਾ ਹੈ।

**ਪੰਜਾਬ ਵਿੱਚ ਗਿਆਨ ਕ੍ਰਾਂਤੀ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੇ ਪਿੰਡਾਂ ਵਿੱਚ 328 ਲਾਇਬ੍ਰੇਰੀਆਂ ਸਥਾਪਿਤ ਕਰਨ ਦਾ ਅਹਿਮ ਫੈਸਲਾ ਲਿਆ। ਇਨ੍ਹਾਂ ਵਿੱਚੋਂ 114 ਲਾਇਬ੍ਰੇਰੀਆਂ ਪਹਿਲਾਂ ਹੀ ਮੁਕੰਮਲ ਹੋ ਚੁੱਕੀਆਂ ਹਨ ਅਤੇ ਆਮ ਲੋਕਾਂ ਲਈ ਖੋਲ੍ਹ ਦਿੱਤੀਆਂ ਗਈਆਂ ਹਨ, ਜਦੋਂ ਕਿ ਬਾਕੀ ਤੇਜ਼ੀ ਨਾਲ ਮੁਕੰਮਲ ਹੋਣ ਦੇ ਨੇੜੇ ਹਨ। ਇਨ੍ਹਾਂ ਲਾਇਬ੍ਰੇਰੀਆਂ ਵਿਚ ਕੇਵਲ ਪੁਸਤਕ ਸੱਭਿਆਚਾਰ ਨੂੰ ਉਤਸ਼ਾਹਤ ਕਰਨ ਉੱਤੇ ਹੀ ਨਹੀਂ ਹਨ, ਸਗੋਂ ਇਹ ਨੌਜਵਾਨਾਂ ਦਾ ਬੌਧਿਕ ਵਿਕਾਸ ਲਈ ਖੋਜ ਕਰਨ ਵਾਲੇ ਪਾਠਕਾਂ ਅਤੇ ਵਿਦਿਆਰਥੀਆਂ ਨੂੰ ਗਿਆਨ ਦੇ ਸਰੋਤਾਂ ਨੂੰ ਰੂਬਰੂ ਹੋਣ ਦਾ ਵੀ ਵੀ ਮੌਕਾ ਦਿੱਤਾ ਜਾ ਰਿਹਾ ਹੈ।

ਹਰੇਕ ਲਾਇਬ੍ਰੇਰੀ ਵਿੱਚ ਵੱਖ-ਵੱਖ ਵਿਸ਼ਿਆਂ 'ਤੇ ਆਧਾਰਿਤ ਪੁਸਤਕਾਂ, ਡਿਜੀਟਲ ਆਧਾਰਿਤ ਪਾਠ ਸਮੱਗਰੀ ਅਤੇ ਅਧਿਐਨ ਲਈ ਹੋਰ ਭੌਤਿਕ ਪਾਠ ਸਮੱਗਰੀ ਵੀ ਉਪਲਬਧ ਕਰਵਾਈ ਗਈ ਹੈ। ਚਾਹੇ ਮੁਕਾਬਲਾ ਇਮਤਿਹਾਨਾਂ ਦੀ ਤਿਆਰੀ ਹੋਵੇ, ਹੁਨਰ ਵਿਕਾਸ, ਸਾਹਿਤ ਜਾਂ ਆਮ ਗਿਆਨ ਹੋਵੇ ਇਹ ਲਾਇਬ੍ਰੇਰੀਆਂ ਹਰ ਉਮਰ ਦੇ ਵਿਅਕਤੀਆਂ ਦੀਆਂ ਸਾਰੀਆਂ ਵਿੱਦਿਅਕ ਲੋੜਾਂ ਨੂੰ ਪੂਰਾ ਕਰਨ ਲਈ ਬਣਾਈਆਂ ਗਈਆਂ ਹਨ।

**ਪਿੰਡਾਂ ਵਿੱਚ ਗਿਆਨ ਦੀ ਘਾਟ ਨੂੰ ਪੂਰਾ ਕਰਨਾ**

ਇਸ ਪਹਿਲ ਤੋਂ ਪਹਿਲਾਂ ਪਿੰਡਾਂ ਵਿੱਚ ਮਿਆਰੀ ਅਧਿਐਨ ਸਮੱਗਰੀ ਸੀਮਿਤ ਸੀ। ਸਕੂਲ ਦੀਆਂ ਪਾਠ ਪੁਸਤਕਾਂ ਤੋਂ ਇਲਾਵਾ ਵਿਦਿਆਰਥੀਆਂ ਕੋਲ ਪੜ੍ਹਣ ਲਈ ਹੋਰ ਕੋਈ ਸਰੋਤ ਨਹੀਂ ਹੁੰਦਾ ਸੀ। ਹੁਣ, ਪੰਜਾਬ ਸਰਕਾਰ ਵੱਲੋਂ ਤਿਆਰ ਕੀਤੀਆਂ ਇਹ ਲਾਇਬ੍ਰੇਰੀਆਂ ਇਹ ਘਾਟ ਦੂਰ ਕਰ ਰਹੀਆਂ ਹਨ, ਜਿਸ ਨਾਲ ਗਿਆਨ ਅਤੇ ਸਿੱਖਣ ਦੇ ਮੌਕੇ ਸਿਰਫ਼ ਸ਼ਹਿਰੀ ਇਲਾਕਿਆਂ ਤੱਕ ਹੀ ਸੀਮਿਤ ਨਹੀਂ ਹਨ।

ਹੁਣ ਪਿੰਡਾਂ ਦੇ ਨੌਜਵਾਨ ਵੱਖ-ਵੱਖ ਵਿਸ਼ਿਆਂ ਦੀ ਪੜ੍ਹਾਈ ਕਰ ਸਕਦੇ ਹਨ ਅਤੇ ਆਪਣਾ ਗਿਆਨ ਵਧਾ ਸਕਦੇ ਹਨ ਅਤੇ ਚੰਗੇ ਕਰੀਅਰ ਲਈ ਤਿਆਰੀ ਕਰ ਸਕਦੇ ਹਨ। ਪਿੰਡ ਵਿੱਚ ਇੱਕ ਲਾਇਬ੍ਰੇਰੀ ਦੀ ਮੌਜੂਦਗੀ ਪੜ੍ਹਣ ਦੀ ਆਦਤ ਨੂੰ ਉਤਸ਼ਾਹਿਤ ਕਰਦੀ ਹੈ, ਬੌਧਿਕ ਉਤਸੁਕਤਾ ਨੂੰ ਜਨਮ ਦਿੰਦੀ ਹੈ ਅਤੇ ਆਤਮ-ਸਿੱਖਿਆ ਨੂੰ ਹੁਲਾਰਾ ਦਿੰਦੀ ਹੈ ਜੋ ਇੱਕ ਪ੍ਰਗਤੀਸ਼ੀਲ ਸਮਾਜ ਦੀ ਨੀਂਹ ਰੱਖਣ ਲਈ ਬਹੁਤ ਜ਼ਰੂਰੀ ਹੈ।

**ਮੁਕਾਬਲਾ ਇਮਤਿਹਾਨਾਂ ਦੇ ਉਮੀਦਵਾਰਾਂ ਲਈ ਆਸ ਦੀ ਕਿਰਨ**

ਅੱਜਕਲ੍ਹ ਸਿਵਲ ਸੇਵਾਵਾਂ, ਐੱਸ.ਐੱਸ ਸੀ. ਬੈਂਕਿੰਗ ਅਤੇ ਹੋਰ ਮੁਕਾਬਲਾ ਇਮਤਿਹਾਨਾਂ ਦੀ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਦੀ ਗਿਣਤੀ ਵਧ ਰਹੀ ਹੈ, ਜਿਸ ਨਾਲ ਅਧਿਐਨ ਸਰੋਤਾਂ ਦੀ ਮੰਗ ਵੀ ਵਧ ਗਈ ਹੈ। ਇਹ ਗੱਲ ਨਜ਼ਰ ਵਿੱਚ ਰੱਖਦੇ ਹੋਏ ਸਰਕਾਰ ਇਹ ਯਕੀਨੀ ਬਣਾ ਰਹੀ ਹੈ ਕਿ ਹਰੇਕ ਲਾਇਬ੍ਰੇਰੀ ਵਿੱਚ ਆਮ ਅਧਿਐਨ, ਸਮਕਾਲੀ ਘਟਨਾਵਾਂ, ਇਤਿਹਾਸ ਅਤੇ ਹੋਰ ਜ਼ਰੂਰੀ ਵਿਸ਼ਿਆਂ 'ਤੇ ਆਧਾਰਿਤ ਪੁਸਤਕਾਂ ਉਪਲਬਧ ਹੋਣ। ਇਹ ਪਹਿਲ ਉਨ੍ਹਾਂ ਵਿਦਿਆਰਥੀਆਂ ਲਈ ਬਹੁਤ ਲਾਭਕਾਰੀ ਹੋਵੇਗੀ, ਜੋ ਮਹਿੰਗੀਆਂ ਪੁਸਤਕਾਂ ਜਾਂ ਕੋਚਿੰਗ ਨਹੀਂ



ਲੈ ਸਕਦੇ, ਜਿਸ ਨਾਲ ਸਿੱਖਿਆ ਵਿੱਚ ਬਰਾਬਰੀ ਨੂੰ ਹੁਲਾਰਾ ਮਿਲੇਗਾ।

**ਸਿਰਫ਼ ਪੁਸਤਕਾਂ ਨਹੀਂ,ਸਗੋਂ ਕਮਿਯੂਨਟੀ ਸਿੱਖਿਆ ਕੇਂਦਰ**

ਇਹ ਲਾਇਬ੍ਰੇਰੀਆਂ ਸਿਰਫ਼ ਪੜ੍ਹਾਈ ਸ਼ਾਂਤ ਮਾਹੌਲ ਨਹੀਂ ਦਿੰਦੀਆਂ ਸਗੋਂ ਇਨ੍ਹਾਂ ਨੂੰ ਕਮਿਊਨਿਟੀ

ਸਿੱਖਿਆ ਕੇਂਦਰਾਂ ਵਜੋਂ ਵਿਕਸਤ ਕੀਤਾ ਜਾ ਰਿਹਾ ਹੈ। ਇੱਥੇ ਕਰੀਅਰ ਕਾਊਂਸਲਿੰਗ, ਹੁਨਰ ਵਿਕਾਸ ਅਤੇ ਡਿਜੀਟਲ ਸਿੱਖਿਆ 'ਤੇ ਵਰਕਸ਼ਾਪਾਂ ਕਰਵਾਈਆਂ ਜਾਣਗੀਆਂ।

- ਬੱਚਿਆਂ ਵਿੱਚ ਪੜ੍ਹਣ ਦੀ ਰੁਚੀ ਪੈਦਾ ਕਰਨ ਲਈ ਕਹਾਣੀ ਦਰਬਾਰ ਅਤੇ ਪੁਸਤਕ ਕਲੱਬ ਬਣਾਏ ਜਾਣਗੇ।
- ਵਾਤਾਵਰਨ ਸੰਭਾਲ, ਸਿਹਤ ਅਤੇ ਸਮਾਜਿਕ ਭਲਾਈ ਵਰਗੇ ਵਿਸ਼ਿਆਂ 'ਤੇ ਜਾਗਰੂਕਤਾ ਮੁਹਿੰਮ ਚਲਾਈ ਜਾਵੇਗੀ।

**ਪੰਜਾਬ ਦੇ ਭਵਿੱਖ ਲਈ ਇੱਕ ਦੂਰਦਰਸ਼ੀ ਕਦਮ**

ਸੂਬੇ ਵਿਚ 328 ਲਾਇਬ੍ਰੇਰੀਆਂ ਦੀ ਸਥਾਪਨਾ ਪੰਜਾਬ ਸਰਕਾਰ ਦੀ ਸਿੱਖਿਆ ਅਤੇ ਬੌਧਿਕ ਸ਼ਕਤੀਕਰਨ ਪ੍ਰਤੀ ਡੂੰਘੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਇਹ ਉਜਵਲ ਭਵਿੱਖ ਦੀ ਤਿਆਰੀ ਹੈ, ਜਿੱਥੇ ਹਰੇਕ ਵਿਅਕਤੀ ਨੂੰ ਗਿਆਨ ਹਾਸਲ ਕਰਨ ਦਾ ਬਰਾਬਰ ਅਧਿਕਾਰ ਹੋਵੇ, ਭਾਵੇਂ ਉਹ ਕਿਸੇ ਵੀ ਆਰਥਿਕ ਜਾਂ ਸਮਾਜਿਕ ਪਿਛੋਕੜ ਤੋਂ ਹੋਵੇ।



“ ਲਾਇਬ੍ਰੇਰੀਆਂ: ਮੈਂ ਗੁਰੂ ਨਾਨਕ ਲਾਇਬ੍ਰੇਰੀ ਕਪੂਰਥਲਾ ਵਿਚ ਲਗਾਤਾਰ ਜਾਂਦਾ ਹਾਂ। ਪੰਜਾਬ ਸਰਕਾਰ ਵਲੋਂ ਹਾਲ ਹੀ ਵਿਚ ਡਿਜ਼ੀਟਲ ਕੀਤੀ ਗਈ ਇਸ ਲਾਇਬ੍ਰੇਰੀ ਵਿਚ ਕਿਤਾਬਾਂ ਦਾ ਅਥਾਹ ਭੰਡਾਰ ਹੈ। ਮੈਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਵਿਚ ਤਿਆਰੀ ਲਈ ਲੋੜੀਂਦੀ ਸਮੱਗਰੀ ਲਾਇਬ੍ਰੇਰੀ ਤੋਂ ਆਸਾਨੀ ਨਾਲ ਮਿਲ ਜਾਂਦੀ ਹੈ। ”

**ਜਸਵਿੰਦਰ ਸਿੰਘ**
**ਕਪੂਰਥਲਾ।**



“ ਪਿੰਡ ਵਿੱਚ ਲਾਇਬ੍ਰੇਰੀ ਬਣਨ ਉਪਰੰਤ ਪਿੰਡ ਦੇ ਸਾਰੇ ਨੌਜ਼ਵਾਨ/ਬੱਚੇ ਜੋ ਕਿ ਸ਼ਹਿਰ ਵਿੱਚ ਜਾ ਕੇ ਨਹੀਂ ਪੜ੍ਹ ਸਕਦੇ ਉਹ ਪਿੰਡ ਵਿੱਚ ਹੀ ਆਪਣੇ ਉਜਵਲ ਭਵਿੱਖ ਲਈ ਪੜ੍ਹ ਸਕਦੇ ਹਨ, ਜਿਸ ਤਹਿਤ ਨੌਜ਼ਵਾਨਾਂ/ ਬੱਚਿਆ ਦਾ ਧਿਆਨ ਪੜ੍ਹਾਈ ਵਿੱਚ ਰਹੇਗਾ ਅਤੇ ਇਹ ਨਸ਼ਿਆਂ ਤੋਂ ਦੂਰ ਰਹਿਣਗੇ। ”

**ਸੰਦੀਪ ਕੌਰ**

# ਕਿਸਾਨਾਂ ਲਈ ਟੇਲਾਂ ਦੇ ਅੰਤ ਤੱਕ ਪਾਣੀ ਪਹੁੰਚਾਉਣ ਵਿੱਚ ਸਫ਼ਲ ਭਗਵੰਤ ਮਾਨ ਸਰਕਾਰ

ਪੰਜਾਬ, ਜੋ ਭਾਰਤ ਦਾ ਅੰਨਦਾਤਾ ਮੰਨਿਆ ਜਾਂਦਾ ਹੈ, ਕਈ ਦਹਾਕਿਆਂ ਤੋਂ ਆਪਣੀ ਸਿੰਚਾਈ ਲਈ ਨਹਿਰੀ ਸਿਸਟਮ 'ਤੇ ਨਿਰਭਰ ਰਿਹਾ ਹੈ। ਹਾਲਾਂਕਿ, ਕਈ ਸਾਲਾਂ ਤੱਕ ਇੱਕ ਵੱਡੀ ਸਮੱਸਿਆ ਖੜ੍ਹੀ ਰਹੀ— ਨਹਿਰਾਂ ਦੇ ਟੇਲ-ਐਂਡ 'ਤੇ ਮੌਜੂਦ ਕਿਸਾਨਾਂ ਨੂੰ ਲੋੜੀਂਦੀ ਪਾਣੀ ਦੀ ਸਪਲਾਈ ਨਹੀਂ ਮਿਲ ਰਹੀ ਸੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਨਹਿਰੀ ਪਾਣੀ ਪ੍ਰਬੰਧਨ ਵਿੱਚ ਇਤਿਹਾਸਕ ਸੁਧਾਰ ਕੀਤੇ ਹਨ, ਜਿਸ ਨਾਲ ਹੁਣ ਸਿੰਚਾਈ ਲਈ ਪਾਣੀ ਨਹਿਰੀ ਸਿਸਟਮ ਤੋਂ ਦੂਰ ਦੇ ਕਿਸਾਨਾਂ ਤੱਕ ਵੀ ਪਹੁੰਚ ਰਿਹਾ ਹੈ।

ਇਹ ਸਫ਼ਲਤਾ ਪੰਜਾਬ ਦੇ ਖੇਤੀਬਾੜੀ ਖੇਤਰ ਵਿਚ ਇੱਕ ਗੇਮ-ਚੇਂਜਰ ਦੇ ਤੌਰ 'ਤੇ ਉੱਭਰੀ ਹੈ, ਜੋ ਇੱਕ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਨੂੰ ਦੂਰ ਕਰ ਰਹੀ ਹੈ ਅਤੇ ਹਜ਼ਾਰਾਂ ਕਿਸਾਨਾਂ ਨੂੰ ਜ਼ਰੂਰੀ ਰਾਹਤ ਪ੍ਰਦਾਨ ਕਰ ਰਹੀ ਹੈ।

**ਸਭ ਲਈ ਪਾਣੀ ਸੁਨਿਸ਼ਚਿਤ ਕਰਨਾ**

ਕਈ ਸਾਲਾਂ ਤੱਕ, ਨਹਿਰੀ ਸਿੰਚਾਈ ਸਿਸਟਮ ਵਿੱਚ ਅਸਮਰੱਥਾ, ਰਿਸ਼ਵਤਖੋਰੀ ਅਤੇ ਰੱਖ-ਰਖਾਅ ਦੀ ਘਾਟ ਨੇ ਟੇਲ-ਐਂਡ 'ਤੇ ਮੌਜੂਦ ਕਿਸਾਨਾਂ ਨੂੰ ਮਹਿੰਗੇ ਅਤੇ ਅਸਥਿਰ ਧਰਤੀ ਵਾਲੇ ਪਾਣੀ ਉੱਤੇ ਨਿਰਭਰ ਰਹਿਣ ਲਈ ਮਜ਼ਬੂਰ ਕੀਤਾ ਹੈ। ਖੂਹਾਂ ਦੀ ਜ਼ਿਆਦਾ ਵਰਤੋਂ ਕਰਨ ਨਾਲ ਨਾ ਕੇਵਲ ਕਿਸਾਨਾਂ ਲਈ ਲਾਗਤ ਵਧ ਗਈ ਸੀ, ਸਗੋਂ ਪੰਜਾਬ ਦੇ ਧਰਤੀ ਹੇਠਲੇ ਪਾਣੀ ਦੇ ਸਰੋਤ ਵੀ ਤੇਜ਼ੀ ਨਾਲ ਖਤਮ ਹੋ ਰਹੇ ਸਨ, ਜਿਸ ਨਾਲ ਸੂਬੇ ਨੂੰ ਵਾਤਾਵਰਣੀ ਸੰਕਟ ਦਾ ਸਾਹਮਣਾ ਕਰਨਾ ਪਿਆ।

ਇਸ ਸਥਿਤੀ ਦੀ ਗੰਭੀਰਤਾ ਨੂੰ ਸਮਝਦਿਆਂ, ਮਾਨ ਸਰਕਾਰ ਨੇ ਪੰਜਾਬ ਦੇ ਨਹਿਰੀ ਸਿੰਚਾਈ ਜਾਲ ਨੂੰ ਜਿਉਂਦਾ ਅਤੇ ਸੰਚਾਲਿਤ ਕਰਨ ਲਈ ਇੱਕ ਵਿਸ਼ਾਲ ਯੋਜਨਾ ਸ਼ੁਰੂ ਕੀਤੀ। ਇਸ ਵਿਚ ਸ਼ਾਮਲ ਸੀ।

- ਕਨਾਲਾਂ ਦੀ ਖੁਦਾਈ ਅਤੇ ਡੀਸਿਲਟਿੰਗ: ਰੁਕਾਵਟਾਂ ਨੂੰ ਹਟਾ ਕੇ ਪਾਣੀ ਦੇ ਪ੍ਰਵਾਹ ਨੂੰ ਸੁਧਾਰਨਾ।
- ਰਿਸਾਵਾਂ ਨੂੰ ਰੋਕਣ ਲਈ ਕਨਾਲ ਐਂਬੈਂਕਮੈਂਟਾਂ ਦੀ ਮੁਰੰਮਤ ਅਤੇ ਮਜ਼ਬੂਤੀ।
- ਗੈਰ-ਕਾਨੂੰਨੀ ਪਾਣੀ ਦੇ ਵਹਾ ਖ਼ਿਲਾਫ਼ ਕੜੀ ਕਾਰਵਾਈ: ਇਨਸਾਫ਼ੀ ਵੰਡ ਸੁਨਿਸ਼ਚਿਤ ਕਰਨਾ।
- ਪਾਣੀ ਦੇ ਪ੍ਰਵਾਹ ਨੂੰ ਦੇਖਣ ਅਤੇ ਤੰਗ ਥਾਵਾਂ ਦੀ ਪਛਾਣ ਕਰਨ ਲਈ ਨਵੀਆਂ ਤਕਨੀਕੀ ਦਾ ਸਹਾਰਾ





“ ਬਲਰਾਜ ਸਿੰਘ ਦਾ ਕਹਿਣਾ ਹੈ ਕਿ ਖੇਤਾਂ ਵਿੱਚ ਨਹਿਰੀ ਪਾਣੀ ਪਹੁੰਚਣ ਨਾਲ ਕਿਸਾਨਾਂ ਨੂੰ ਵੱਡੀ ਸਹੂਲਤ ਮਿਲੀ ਹੈ। ਉਨਾਂ ਕਿਹਾ ਕਿ ਸਰਕਾਰ ਦਾ ਇਹ ਉਪਰਾਲਾ ਬਹੁਤ ਸ਼ਲਾਘਾਯੋਗ ਹੈ ”

**ਬਲਰਾਜ ਸਿੰਘ**
**ਪਿੰਡ ਖੋਖਰ, ਤਹਿਸੀਲ ਬਟਾਲਾ, ਗੁਰਦਾਸਪੁਰ**

**ਮਾਲਵਾ ਖੇਤਰ ਦੀ ਤਬਦੀਲੀ: ਇੱਕ ਮੀਲ ਪੱਥਰ**

ਇਹ ਸਫ਼ਲਤਾ ਸਭ ਤੋਂ ਵਧੀਆ ਮਲਵਾ ਖੇਤਰ ਵਿੱਚ ਵੇਖੀ ਗਈ ਹੈ, ਜੋ ਕਿ ਪੰਜਾਬ ਦਾ ਸਭ ਤੋਂ ਵੱਡਾ ਅਤੇ ਸੁੱਕਾ ਖੇਤਰ ਹੈ, ਜਿੱਥੇ ਪਹਿਲਾਂ ਨਹਿਰਾਂ ਰਾਹੀਂ ਪਾਣੀ ਕਈ ਪਿੰਡਾਂ ਤੱਕ ਨਹੀਂ ਪਹੁੰਚਦਾ ਸੀ। ਖੁਦਾਈ ਅਤੇ ਮੁਰੰਮਤ 'ਤੇ ਕੇਂਦ੍ਰਿਤ ਉਪਰਾਲਿਆਂ ਨਾਲ, ਮਾਨ ਸਰਕਾਰ ਇਹ ਸੁਨਿਸ਼ਚਿਤ ਕਰਨ ਵਿੱਚ ਸਫਲ ਹੋ ਗਈ ਹੈ ਕਿ ਕਨਾਲ ਸਿਸਟਮ ਦੇ ਸਭ ਤੋਂ ਦੂਰ ਦਰਾਜ਼ ਪਿੰਡਾਂ ਨੂੰ ਵੀ ਪਾਣੀ ਮਿਲ ਰਿਹਾ ਹੈ।

ਮਲਵਾ ਕਨਾਲ ਪ੍ਰਾਜੈਕਟ, ਜੋ ਕਿ ਇੱਕ ਮੁੱਖ ਉਪਰਾਲਾ ਸੀ, ਇਸ ਤਬਦੀਲੀ ਵਿੱਚ ਇੱਕ ਅਹਿਮ ਭੂਮਿਕਾ ਅਦਾ ਕਰ ਰਿਹਾ ਹੈ। ਉਹ ਪਿੰਡ ਜੋ ਪਹਿਲਾਂ ਸੋਕੇ ਵਰਗੇ ਹਲਾਤਾਂ ਨਾਲ ਜੂਝ ਰਹੇ ਸਨ, ਹੁਣ ਇੱਕ ਪੱਕੀ ਅਤੇ ਭਰੋਸੇਮੰਦ ਨਹਿਰੀ ਪਾਣੀ ਦੀ ਸਪਲਾਈ ਪ੍ਰਾਪਤ ਕਰ ਰਹੇ ਹਨ, ਜਿਸ ਨਾਲ ਉਹਨਾਂ ਦੀ ਖੂਹਾਂ 'ਤੇ ਨਿਰਭਰਤਾ ਘਟ ਗਈ ਹੈ।

**ਮਹਿੰਗੇ ਖੂਹਾਂ 'ਤੇ ਨਿਰਭਰਤਾ ਘਟਾਉਣਾ, ਕਿਸਾਨਾਂ ਲਈ ਆਰਥਿਕ ਰਾਹਤ**

ਹੁਣ ਜਦੋਂ ਨਹਿਰੀ ਪਾਣੀ ਟੇਲ-ਐਂਡ ਪਿੰਡਾਂ ਤੱਕ ਪਹੁੰਚ ਰਿਹਾ ਹੈ, ਕਿਸਾਨਾਂ ਨੂੰ ਸਿਰਫ ਬਿਜਲੀ ਅਤੇ ਤੇਲ ਵਾਲੇ ਖੂਹਾਂ 'ਤੇ ਨਿਰਭਰ ਨਹੀਂ ਰਹਿਣਾ ਪੈਂਦਾ। ਇਸ ਨਾਲ ਨਿਮਨਲਿਖਤ ਗੱਲਾਂ ਬਾਰੇ ਪਤਾ ਲੱਗਾ ਹੈ-

- ਬਿਜਲੀ ਅਤੇ ਡੀਜ਼ਲ ਦੀਆਂ ਲਾਗਤਾਂ ਘਟੀਆਂ ਜਿਸ ਨਾਲ ਖੇਤੀਬਾੜੀ ਦਾ ਮੁਨਾਫ਼ਾ ਵਧਿਆ ਹੈ।
- ਪੰਜਾਬ ਦੇ ਜ਼ਮੀਨ ਹੇਠਲੇ ਪਾਣੀ ਦੇ ਸਰੋਤਾਂ 'ਤੇ ਘੱਟ ਦਬਾਅ ਜੋ ਕਿ ਵਾਤਾਵਰਣ ਸਥਿਰਤਾ ਵਿੱਚ ਯੋਗਦਾਨ ਪਾਉਂਦਾ ਹੈ।
- **ਸਸਤੇ ਅਤੇ ਵਾਤਾਵਰਣੀ ਖੇਤੀਬਾੜੀ ਤਰੀਕੇ:** ਖੂਹਾਂ ਦੀ ਘੱਟ ਵਰਤੋਂ ਨਾਲ ਵਾਤਾਵਰਣੀ ਸੰਸਥਾ ਨੂੰ ਸਹਾਰਾ ਮਿਲਦਾ ਹੈ।

**ਦੇਸ਼ ਲਈ ਇੱਕ ਮਾਡਲ: ਸਿੰਚਾਈ ਪ੍ਰਬੰਧਨ ਵਿੱਚ ਇੱਕ ਨਵਾਂ ਮਿਆਰ**

ਮਾਨ ਸਰਕਾਰ ਦੀ ਇਹ ਸਫ਼ਲਤਾ ਨਾ ਸਿਰਫ ਪੰਜਾਬ ਦੇ ਕਿਸਾਨਾਂ ਨੂੰ ਲਾਭ ਪਹੁੰਚਾ ਰਹੀ ਹੈ, ਸਗੋਂ ਇਹ ਸਿੰਚਾਈ ਪ੍ਰਬੰਧਨ ਵਿੱਚ ਦੇਸ਼ ਭਰ ਲਈ ਇੱਕ ਮਾਡਲ ਸਥਾਪਿਤ ਕਰਦੀ ਹੈ। ਤਕਨਾਲੋਜੀ-ਮੁਹੱਈਆ ਪ੍ਰਵਾਹ ਅਤੇ ਨਿਰਪੱਖ ਪਾਣੀ ਵੰਡ ਤੋਂ ਪੰਜਾਬ ਨੇ ਸੂਚਿਤ ਕੀਤਾ ਹੈ ਕਿ ਕਿਸੇ ਵੀ ਸਰਕਾਰੀ ਸੰਸਥਾ ਨੂੰ ਸਮਝਣ ਅਤੇ ਵਿਸ਼ਵਾਸ ਕਰਨ ਦੇ ਯੋਗ ਬਣਾਉਣ ਦਾ ਤਰੀਕਾ ਹੈ।

**ਅੱਗੇ ਦਾ ਰਸਤਾ: ਸਿੰਚਾਈ ਸੰਰਚਨਾ ਨੂੰ ਮਜ਼ਬੂਤ ਅਤੇ ਵਿਸਤਾਰਿਤ ਕਰਨਾ**

ਜਦੋਂ ਕਿ ਪੰਜਾਬ ਨੇ ਨਹਿਰੀ ਸਿੰਚਾਈ ਵਿੱਚ ਅਸਾਧਾਰਣ ਸਫ਼ਲਤਾ ਪ੍ਰਾਪਤ ਕੀਤੀ ਹੈ, ਸਰਕਾਰ ਇਸ ਨੂੰ ਹੋਰ ਬਿਹਤਰ ਕਰਨ ਦੇ ਲਈ ਵਚਨਬੱਧ ਰਹੀ ਹੈ:

- ਨਹਿਰੀ ਪਾਣੀ ਦੀ ਪਹੁੰਚ ਨੂੰ ਹੋਰ ਪਿੰਡਾਂ ਤੱਕ ਪਹੁੰਚਾਉਣਾ
- ਪਾਣੀ ਦੇ ਪ੍ਰਵਾਹ ਨੂੰ ਬਿਹਤਰ ਬਣਾਉਣ ਲਈ ਨਵੀਆਂ ਡਿਸਟ੍ਰਿਬਿਊਟਰੀਆਂ ਅਤੇ ਫੀਲਡ ਚੈਨਲਾਂ ਦਾ ਨਿਰਮਾਣ
- ਪਾਣੀ ਦੀ ਅਧਿਕਤਮ ਵਰਤੋਂ ਲਈ ਮਾਈਕ੍ਰੋ-ਸਿੰਚਾਈ ਤਕਨੀਕਾਂ ਨੂੰ ਉਤਸ਼ਾਹਿਤ ਕਰਨਾ

**ਸਿੱਟਾ**

ਭਗਵੰਤ ਮਾਨ ਸਰਕਾਰ ਨੇ ਇਹ ਸਾਬਤ ਕਰ ਦਿਖਾਇਆ ਹੈ ਕਿ ਚੰਗੇ ਸ਼ਾਸਨ ਅਤੇ ਮਜਬੂਤ ਲੀਡਰਸ਼ਿੱਪ ਨਾਲ, ਲੰਬੇ ਸਮੇਂ ਤੋਂ ਚੱਲ ਰਹੀਆਂ ਸਮੱਸਿਆਵਾਂ ਦਾ ਹੱਲ ਕੱਢਿਆ ਜਾ ਸਕਦਾ ਹੈ। ਇਹ ਸੁਨਿਸ਼ਚਿਤ ਕਰਕੇ ਕਿ ਕੋਈ ਵੀ ਕਿਸਾਨ ਪਿੱਛੇ ਨਾ ਰਹੇ, ਪੰਜਾਬ ਦੇ ਨਹਿਰੀ ਸਿੰਚਾਈ ਸੁਧਾਰ ਖੁਸ਼ਹਾਲੀ, ਸਥਿਰਤਾ ਅਤੇ ਖੇਤੀਬਾੜੀ ਲਚਕੀਲੇਪਣ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰ ਰਹੇ ਹਨ



“ ਪੰਜਾਬ ਸਰਕਾਰ ਵੱਲੋਂ ਖਾਲਿਆਂ ਦੀਆਂ ਟੇਲਾਂ ਤੱਕ ਪੂਰਾ ਪਾਣੀ ਪੁੱਜਦਾ ਕਰਨ ਲਈ ਉਪਰਾਲੇ ਕੀਤੇ ਹਨ ਇਸ ਨਾਲ ਫਸਲਾਂ ਚੰਗੀਆਂ ਹੋ ਰਹੀਆਂ ਹਨ ਸ਼ਭ ਕਿਸਾਨਾਂ ਨੂੰ ਪਾਣੀ ਮਿਲ ਰਿਹਾ ਹੈ ਧਰਤੀ ਹੇਠਲੇ ਪਾਣੀ ਦੀ ਬਚਤ ਹੋ ਰਹੀ ਹੈ। ”

**ਸੁੰਦਰ ਲਾਲ, ਡੰਗਰਖੇੜਾ**



“ ਮੇਰੀ ਫਸਲ ਨੂੰ ਨਹਿਰੀ ਪਾਣੀ ਲੱਗਦਾ ਹੈ, ਪੰਜਾਬ ਸਰਕਾਰ ਵੇਲੇ ਸਿਰ ਨਹਿਰੀ ਪਾਣੀ ਮੁਹੱਈਆ ਕਰਵਾਉਂਦੀ ਹੈ। ਜਿਸ ਨਾਲ ਫਸਲਾਂ ਦੀ ਪੈਦਾਵਾਰ ਬਹੁਤ ਵਧੀਆ ਹੁੰਦੀ ਹੈ। ਇਸ ਲਈ ਮੈਂ ਪੰਜਾਬ ਸਰਕਾਰ ਦਾ ਧੰਨਵਾਦੀ ਹਾਂ। ”

**ਸ੍ਰੀ ਗੁਰਦੇਵ ਸਿੰਘ,**
**ਪਿੰਡ ਬਿਲਾਸਪੁਰ, ਖਮਾਣੋਂ, ਜ਼ਿਲ੍ਹਾ ਫਤਹਿਗੜ੍ਹ ਸਾਹਿਬ**

# ਪੰਜਾਬ ਵਿੱਚ ਨਿਰਵਿਘਨ ਫ਼ਸਲ ਖਰੀਦ: ਭਗਵੰਤ ਮਾਨ ਦੇ ਕਿਸਾਨ-ਪੱਖੀ ਰਵਈਏ ਦਾ ਪ੍ਰਮਾਣ

ਪੰਜਾਬ ਭਾਰਤ ਦਾ ਅਨਾਜ ਭੰਡਾਰ ਹੈ ਅਤੇ ਲੰਬੇ ਸਮੇਂ ਤੋਂ ਦੇਸ਼ ਦੀ ਖੁਰਾਕ ਸੁਰੱਖਿਆ ਦੀ ਰੀੜ੍ਹ ਦੀ ਹੱਡੀ ਰਿਹਾ ਹੈ। ਪੰਜਾਬ ਦੀਆਂ ਦੇ ਪ੍ਰਮੁੱਖ ਫ਼ਸਲਾਂ ਕਣਕ ਅਤੇ ਝੋਨਾ ਹਨ ਅਤੇ ਇਹ ਅਕਸਰ ਖਰੀਦ ਵਿਚ ਦੇਰੀ ਦਾ ਸ਼ਿਕਾਰ ਰਹੀਆਂ ਹਨ ਪਰ ਪਿਛਲੇ ਤਿੰਨ ਸਾਲਾਂ ਤੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਖਰੀਦ ਪ੍ਰਣਾਲੀ ਨੂੰ ਨਿਰਵਿਘਨ ਅਤੇ ਪਾਰਦਰਸ਼ੀ ਪ੍ਰਕਿਰਿਆ ਵਿੱਚ ਬਦਲਿਆ ਹੈ। ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਨੂੰ ਬਿਨਾਂ ਕਿਸੇ ਰੁਕਾਵਟ ਦੇ ਸਮੇਂ ਸਿਰ ਉਨ੍ਹਾਂ ਦੀਆਂ ਫ਼ਸਲਾਂ ਦਾ ਮੁੱਲ ਮਿਲੇ।

**ਛੇ ਸੀਜ਼ਨਾਂ ਤੋਂ ਬਿਨਾਂ ਕਿਸੇ ਪ੍ਰੇਸ਼ਾਨੀ ਦੇ ਖਰੀਦ**

ਸਾਲ 2022 ਵਿੱਚ ਮਾਨ ਸਰਕਾਰ ਦੇ ਸੱਤਾ ਸੰਭਾਲਣ ਤੋਂ ਬਾਅਦ ਕਣਕ ਅਤੇ ਝੋਨਾ ਦੇ ਛੇ ਖਰੀਦ ਸੀਜ਼ਨ ਬਿਨਾਂ ਕਿਸੇ ਰੁਕਾਵਟ ਦੇ ਪੂਰੇ ਕੀਤੇ ਹਨ। ਪਹਿਲਾਂ ਕਿਸਾਨਾਂ ਨੂੰ ਭੁਗਤਾਨਾਂ ਲਈ ਲੰਬਾ ਸਮਾਂ ਇੰਤਜ਼ਾਰ ਕਰਨਾ ਪੈਂਦਾ ਸੀ ਅਤੇ ਉਨ੍ਹਾਂ ਦੀ ਫ਼ਸਲ ਚੁੱਕੀ ਜਾਣ 'ਚ ਕਈ ਰੁਕਾਵਟਾਂ ਵੀ ਆਉਂਦੀਆਂ ਸਨ ਪਰ ਹੁਣ ਮੰਡੀਆਂ ਇੱਕ ਸੁਚਾਰੂ ਅਤੇ ਕੁਸ਼ਲ ਪ੍ਰਕਿਰਿਆ ਨਾਲ ਚੱਲਦੀਆਂ ਹਨ। ਇਸ ਨਵੀਂ ਤਬਦੀਲੀ ਦੀਆਂ ਮੁੱਖ ਵਿਸ਼ੇਸ਼ਤਾਵਾਂ ਹੇਠ ਲਿਖੇ ਅਨੁਸਾਰ ਹਨ

**1. ਸਮੇਂ ਸਿਰ ਭੁਗਤਾਨ ਅਤੇ ਸਿੱਧੇ ਤਬਾਦਲੇ**

ਪਿਛਲੀਆਂ ਸਰਕਾਰਾਂ ਵਿੱਚ ਕਿਸਾਨਾਂ ਦੀਆਂ ਸਭ ਤੋਂ ਵੱਡੀਆਂ ਸ਼ਿਕਾਇਤਾਂ ਵਿੱਚੋਂ ਇੱਕ ਭੁਗਤਾਨਾਂ ਵਿੱਚ ਦੇਰੀ ਸੀ, ਜੋ ਅਕਸਰ ਹਫ਼ਤਿਆਂ ਜਾਂ ਮਹੀਨਿਆਂ ਤੱਕ ਚਲਦੀ ਰਹਿੰਦੀ ਸੀ। ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਖਰੀਦ ਦੇ 24 ਤੋਂ 48 ਘੰਟਿਆਂ ਦੇ ਅੰਦਰ-ਅੰਦਰ ਸਾਰੀਆਂ ਅਦਾਇਗੀਆਂ ਸਿੱਧੇ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਜਮ੍ਹਾਂ ਹੋ ਜਾਣ। ਇਸ ਸਿੱਧੇ ਲਾਭ ਤਬਾਦਲਾ (ਡੀ.ਬੀ.ਟੀ) ਵਿਧੀ ਨੇ ਵਿਚੋਲਿਆਂ ਨੂੰ ਖਤਮ ਕਰ ਦਿੱਤਾ ਹੈ। ਸਰਕਾਰ ਨੇ ਇਹ ਯਕੀਨੀ





“ ਜਗਤਾਰ ਸਿੰਘ ਦਾ ਕਹਿਣਾ ਹੈ ਕਿ ਪੰਜਾਬ ਸਰਕਾਰ ਵਲੋਂ ਦਾਣਾ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਵਧੀਆ ਪ੍ਰਬੰਧ ਕੀਤੇ ਗਏ ਸਨ ਅਤੇ ਝੋਨੇ ਤੇ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਸਮੇਂ ਸਿਰ ਕੀਤੀ ਗਈ ਸੀ। ”

**ਜਗਤਾਰ ਸਿੰਘ**

**ਪਿੰਡ ਕਿਲ੍ਹਾ ਟੇਕ ਸਿੰਘ, ਤਹਿਸੀਲ ਬਟਾਲਾ,ਗੁਰਦਾਸਪੁਰ।**

ਬਣਾਇਆ ਹੈ ਕਿ ਕਿਸਾਨਾਂ ਨੂੰ ਬਿਨਾਂ ਕਟੌਤੀਆਂ ਜਾਂ ਦੇਰੀ ਤੋਂ ਉਨ੍ਹਾਂ ਦੇ ਬਕਾਏ ਦਾ ਭੁਗਤਾਨ ਹੋਵੇ।

**2. ਮੰਡੀਆਂ ਦੇ ਬੁਨਿਆਦੀ ਢਾਂਚੇ ਦਾ ਨਿਰਮਾਣ**

ਸੂਬਾ ਸਰਕਾਰ ਨੇ ਖਰੀਦ ਨੂੰ ਸੁਚਾਰੂ ਬਣਾਉਣ ਲਈ ਮੰਡੀ ਦੇ ਬੁਨਿਆਦੀ ਢਾਂਚੇ ਨੂੰ ਸੁਰਜੀਤ ਕੀਤਾ ਹੈ। ਫ਼ਸਲਾਂ ਦੀ ਆਮਦ 'ਤੇ ਨਜ਼ਰ ਰੱਖਣ, ਖਰੀਦ ਕੇਂਦਰਾਂ ਦੀ ਵੰਡ ਅਤੇ ਆਨਲਾਈਨ ਨਿਗਰਾਨੀ ਲਈ ਡਿਜੀਟਲ ਪਲੇਟਫਾਰਮਾਂ ਦੀ ਵਰਤੋਂ ਨੇ ਭ੍ਰਿਸ਼ਟਾਚਾਰ ਨੂੰ ਘੱਟ ਕੀਤਾ ਹੈ। ਇਸ ਤੋਂ ਇਲਾਵਾ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਹਰੇਕ ਮੰਡੀ ਵਿੱਚ ਸਾਰੀਆਂ ਜ਼ਰੂਰੀ ਸਹੂਲਤਾਂ ਜਿਵੇਂ ਕਿ ਬਾਰਦਾਨਾ ਤੁਲਾਈ ਵਾਲੀਆਂ ਮਸ਼ੀਨਾਂ ਅਤੇ ਸਟੋਰੇਜ ਦਾ ਬੁਨਿਆਦੀ ਢਾਂਚਾ ਢੁਕਵੇਂ ਢੰਗ ਨਾਲ ਕੰਮ ਕਰੇ।

**3. ਪਾਰਦਰਸ਼ੀ ਅਤੇ ਭ੍ਰਿਸ਼ਟਾਚਾਰ-ਮੁਕਤ ਪ੍ਰਣਾਲੀ**

ਪਿਛਲੇ ਕਈ ਦਹਾਕਿਆਂ ਤੋਂ ਪੰਜਾਬ ਦੇ ਕਿਸਾਨ ਕਮਿਸ਼ਨ ਏਜੰਟਾਂ ਅਤੇ ਭ੍ਰਿਸ਼ਟ ਅਧਿਕਾਰੀਆਂ ਦੁਆਰਾ ਉਨ੍ਹਾਂ ਦੀਆਂ ਸਹੀ ਅਦਾਇਗੀਆਂ ਨਾ ਕਰਨ ਦੀ ਸਮੱਸਿਆ ਨਾਲ ਜੂਝ ਰਹੇ ਸਨ। ਭਗਵੰਤ ਮਾਨ ਸਰਕਾਰ ਨੇ ਭ੍ਰਿਸ਼ਟਾਚਾਰ 'ਤੇ ਸ਼ਿਕੰਜਾ ਕਸਣ ਲਈ ਸਖ਼ਤ ਕਦਮ ਚੁੱਕੇ ਹਨ। ਖਰੀਦ ਨੂੰ ਨਿਰਪੱਖ ਅਤੇ ਪਾਰਦਰਸ਼ੀ ਪ੍ਰਕਿਰਿਆ ਬਣਾਇਆ ਗਿਆ ਹੈ। ਆਨਲਾਈਨ ਗੇਟ ਪਾਸ ਅਤੇ ਡਿਜੀਟਲ ਰਿਕਾਰਡਾਂ ਦੀ ਸ਼ੁਰੂਆਤ ਨੇ ਹੇਰਾਫੇਰੀ ਨੂੰ ਘਟਾਇਆ ਹੈ ਅਤੇ ਹਰ ਪੜਾਅ 'ਤੇ ਜਵਾਬਦੇਹੀ ਯਕੀਨੀ ਬਣਾਈ ਹੈ।

**4. ਫਸਲਾਂ ਦੀ ਚੁਕਾਈ ਅਤੇ ਸਟੋਰੇਜ ਹੱਲ**

ਸਮੁੱਚੀ ਖਰੀਦ ਪ੍ਰਕਿਰਿਆ ਵਿੱਚ ਇੱਕ ਹੋਰ ਵੱਡੀ ਚੁਣੌਤੀ ਖਰੀਦੀਆਂ ਗਈਆਂ ਫ਼ਸਲਾਂ ਦੀ ਚੁਕਾਈ ਅਤੇ ਸਟੋਰੇਜ ਦੀ ਸਮੱਸਿਆ ਹੈ। ਫ਼ਸਲ ਨੂੰ ਦੇਰੀ ਨਾਲ ਚੁੱਕਣਾ ਨਾ ਸਿਰਫ਼ ਕਿਸਾਨਾਂ ਲਈ ਅਸੁਵਿਧਾ ਦਾ ਕਾਰਨ ਬਣਦਾ ਹੈ ਸਗੋਂ ਅਨਾਜ ਦੀ ਬਰਬਾਦੀ ਅਤੇ ਗੁਣਵੱਤਾ ਵਿੱਚ ਵੀ ਗਿਰਾਵਟ ਦਾ ਕਾਰਨ ਬਣਦਾ ਹੈ। ਪੰਜਾਬ ਸਰਕਾਰ ਨੇ ਭਾਰਤੀ ਖੁਰਾਕ ਨਿਗਮ ਐੱਫ .ਸੀ .ਆਈ ਅਤੇ ਸੂਬਾਈ ਏਜੰਸੀਆਂ ਨਾਲ ਤਾਲਮੇਲ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਫ਼ਸਲਾਂ ਨੂੰ ਨਿਸ਼ਚਿਤ ਸਮਾਂ ਸੀਮਾ ਦੇ ਅੰਦਰ ਮੰਡੀਆਂ ਤੋਂ ਚੁੱਕਿਆ ਜਾਵੇ, ਘੜਮੱਸ ਘਟੇ ਅਤੇ ਖਰੀਦ ਸੁਚਾਰੂ ਹੋਵੇ ।

**5. ਕਿਸਾਨ-ਕੇਂਦ੍ਰਿਤ ਸ਼ਾਸਨ**

ਮੁੱਖ ਮੰਤਰੀ ਭਗਵੰਤ ਮਾਨ ਨੇ ਖਰੀਦ ਸੀਜ਼ਨ ਦੌਰਾਨ ਪੈਦਾ ਹੋਣ ਵਾਲੀਆਂ ਸਾਰੀਆਂ ਸਮੱਸਿਆਵਾਂ ਨੂੰ ਦੂਰ ਕਰਨ ਲਈ ਕਿਸਾਨ ਯੂਨੀਅਨਾਂ ਅਤੇ ਮੰਡੀ ਬੋਰਡਾਂ ਨਾਲ ਸਰਗਰਮੀ ਨਾਲ ਸੰਪਰਕ ਕੀਤਾ ਹੈ। ਸਰਕਾਰ ਦੀ ਕਿਸਾਨ-ਪੱਖੀ ਪਹੁੰਚ ਨੇ ਸੂਬਾਈ ਪ੍ਰਸ਼ਾਸਨ ਅਤੇ ਖੇਤੀਬਾੜੀ ਭਾਈਚਾਰੇ ਵਿਚਕਾਰ ਵਿਸ਼ਵਾਸ ਨੂੰ ਮਜ਼ਬੂਤ ਕੀਤਾ ਹੈ। ਸੂਬਾ ਸਰਕਾਰ ਵੱਲੋਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਸ਼ਿਕਾਇਤਾਂ ਦਾ ਤੁਰੰਤ ਹੱਲ ਕੀਤਾ ਜਾਵੇ।

**ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਦੂਰਦਰਸ਼ੀ ਸੋਚ**

ਫ਼ਸਲ ਦੀ ਖਰੀਦ ਪ੍ਰਣਾਲੀ ਵਿੱਚ ਆਇਆ ਬਦਲਾਅ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਅਤੇ ਦੂਰਦਰਸ਼ੀ ਸੋਚ ਦਾ ਪ੍ਰਮਾਣ ਹੈ। ਕਿਸਾਨਾਂ ਪ੍ਰਤੀ ਸਰਕਾਰ ਦੀ ਅਟੁੱਟ ਵਚਨਬੱਧਤਾ ਨੇ ਪੰਜਾਬ ਨੂੰ ਭਾਰਤ ਭਰ ਵਿੱਚ ਸੁਚਾਰੂ ਖਰੀਦ ਲਈ ਮਾਪਦੰਡ ਬਣਾ ਦਿੱਤਾ ਹੈ। ਪਿਛਲੀਆਂ ਸਰਕਾਰਾਂ ਦੇ ਕਾਰਜਕਾਲ ਦੌਰਾਨ ਫ਼ਸਲਾਂ ਦੀ ਖਰੀਦ ਅਕਸਰ ਰਾਜਨੀਤਿਕ ਜੰਗ ਦਾ ਮੈਦਾਨ ਬਣ ਜਾਂਦੀ ਸੀ ਪਰ ਮਾਨ ਸਰਕਾਰ ਨੇ ਇਹ ਯਕੀਨੀ ਬਣਾਇਆ ਹੈ ਕਿ ਕਿਸਾਨਾਂ ਦੇ ਹਿੱਤਾਂ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਜਾਵੇ।

ਸਮੇਂ ਸਿਰ ਭੁਗਤਾਨ ਤੋਂ ਲੈ ਕੇ ਭ੍ਰਿਸ਼ਟਾਚਾਰ ਮੁਕਤ ਖਰੀਦ ਤੱਕ, ਪਿਛਲੇ ਛੇ ਸੀਜ਼ਨਾਂ ਦੌਰਾਨ ਨਾ ਸਿਰਫ਼ ਕਿਸਾਨਾਂ ਨੂੰ ਲਾਭ ਪਹੁੰਚਿਆ ਹੈ ਸਗੋਂ ਦੇਸ਼ ਦੇ ਭੰਡਾਰ ਵਜੋਂ ਪੰਜਾਬ ਦੀ ਭੂਮਿਕਾ ਨੂੰ ਵੀ ਮਜ਼ਬੂਤ ਕੀਤਾ ਹੈ। ਪੰਜਾਬ ਦੀ ਵਚਨਬੱਧਤਾ ਦੇ ਮੱਦੇਨਜ਼ਰ ਪੰਜਾਬ ਦੇ ਕਿਸਾਨ ਭਰੋਸਾ ਰੱਖ ਸਕਦੇ ਹਨ ਕਿ ਉਨ੍ਹਾਂ ਦੀ ਸਖ਼ਤ ਮਿਹਨਤ ਦਾ ਫਲ ਬਿਨਾਂ ਕਿਸੇ ਰੁਕਾਵਟ ਦੇ ਮਿਲੇਗਾ।

ਭਗਵੰਤ ਮਾਨ ਦੀ ਅਗਵਾਈ ਹੇਠ, ਪੰਜਾਬ ਦਾ ਖੇਤੀਬਾੜੀ ਖੇਤਰ ਪ੍ਰਫੁੱਲਤ ਹੁੰਦਾ ਜਾ ਰਿਹਾ ਹੈ, ਜੋ ਬਾਕੀ ਦੇਸ਼ ਲਈ ਮਿਸਾਲ ਬਣ ਰਿਹਾ ਹੈ।



“ ਅਨਾਜ ਦੀ ਖਰੀਦ: ਮੈਂ ਆਪਣੇ ਝੋਨੇ ਦੀ ਫਸਲ 7 ਨਵੰਬਰ 2024 ਨੂੰ ਸਵੇਰੇ ਦਾਣਾ ਮੰਡੀ ਟਿੱਬਾ ਵਿਖੇ ਲਿਆਂਦੀ ਸੀ। 2 ਏਕੜ ਝੋਨੇ ਦੀ ਫਸਲ ਉਸੇ ਦਿਨ ਘੱਟੋਂ ਘੱਟ ਸਰਕਾਰੀ ਖਰੀਦ 'ਤੇ ਤੁਲ ਗਈ। ਪੰਜਾਬ ਸਰਕਾਰ ਵਲੋਂ ਅਨਾਜ ਦੀ ਖਰੀਦ ਲਈ ਕੀਤੇ ਯੋਗ ਪ੍ਰਬੰਧਾਂ ਦੇ ਸਦਕਾ ਮੈਂ ਉਸੇ ਦਿਨ ਮੰਡੀ ਤੋਂ ਫਸਲ ਵੇਚ ਕੇ ਵਿਹਲਾ ਹੋ ਗਿਆ। ”

**ਗੁਰਜੀਤ ਸਿੰਘ ਪੁੱਤਰ ਬਾਵਾ ਸਿੰਘ**

**ਪਿੰਡ ਟਿੱਬਾ,ਜ਼ਿਲ੍ਹਾ ਕਪੂਰਥਲਾ।**



ਔਰਨ ਕੀ ਹੋਲੀ ਮਮ ਹੋਲਾ ॥ ਕਹਿਯੋ ਕ੍ਰਿਪਾਨਿਧ ਬਚਨ ਅਮੋਲਾ ॥



# ਪਿੰਡ ਦੀ ਸੱਥ ਚੋਂ

ਭੋਲਾ ਸਿੰਘ- ਓਹ ਬਲਵੰਤ ਸਿੰਹਾ, ਕਿਹੜੇ ਪਾਸੇ ਚੱਲ ਪਿਆ ਤੜਕੇ ਤੜਕੇ ।ਬਲਾਂ ਕਾਲ੍ਹੀ ਕਾਲ੍ਹੀ ਤੁਰਿਆ ਜਾਨਾ ਏ।

ਬਲਵੰਤ ਸਿੰਘ- ਉਹ ਕਾਹਦੀ ਗੱਲ ਹੈ ਭਰਾਵਾ, ਪੈਨਸ਼ਨ ਲਵਾਉਣੀ ਹੈ। ਹੁਣ ਪੈਂਟਾਂ ਤੋਂ ਟੱਪ ਗਈ ਉਮਰ। ਚਾਰ ਪੈਸੇ ਸਰਕਾਰ ਤੋਂ ਆ ਗਿਆ ਕਰਣਗੇ, ਨੂੰਹਾਂ ਵੀ ਫਿਰ ਦਾਲ ਚ ਘਿਓ ਪਾ ਦਿੰਦੀਆਂ ਜੇ ਬਾਪੂ ਕੋਲੇ ਚਾਰ ਛਿੱਲੜ ਹੋਣ ਤਾਂ।

ਮਾਸਟਰ ਜੋਰਾਵਰ ਸਿੰਘ – ਪਰ ਤਾਇਆ, ਇਸ ਵਾਸਤੇ ਤੂੰ ਝੋਲਾ ਚੱਕ ਕੇ ਕਿਹੜੇ ਪਾਸੇ ਚੱਲ ਪਿਆ। ਪੈਨਸ਼ਨ ਤਾਂ ਤੇਰੀ ਘਰੇ ਬੈਠੇ ਦੀ ਲੱਗ ਸਕਦੀ ਆ।



ਸੁਰਜੀਤ ਸਿੰਘ- ਮਾਸਟਰਾਂ ਤੂੰ ਕਿਹੜੀਆਂ ਗੱਲਾਂ ਕਰਦਾ! ਘਰੇ ਬੈਠਿਆਂ ਨੂੰ ਤਾਂ ਪੈਨਸ਼ਨ ਕਿਵੇਂ ਲੱਗ ਜੂ। ਰੋਏ ਬਿਨਾਂ ਤਾਂ ਮਾਂ ਦੁੱਧ ਨਹੀਂ ਦਿੰਦੀ, ਇੱਥੇ ਸਰਕਾਰ ਘਰੇ ਬੈਠੇ ਦੀ ਪੈਨਸ਼ਨ ਕਿਵੇਂ ਲਾ ਜੂ।

ਮਾਸਟਰ ਜੋਰਾਵਰ ਸਿੰਘ- ਚਾਚਾ ਹੁਣ ਟਾਈਮ ਬਦਲ ਗਿਆ। ਉਹ ਵੇਲੇ ਚਲੇ ਗਏ। ਹੁਣ ਪੰਜਾਬ ਵਿੱਚ ਭਗਵੰਤ ਸਿੰਘ ਮਾਨ ਦੀ ਸਰਕਾਰ ਐ। ਇਹ ਸਰਕਾਰ ਘਰੇ ਬੈਠੇ ਹੀ ਲੋਕਾਂ ਦੇ ਕੰਮ ਕਰਦੀ ਆ।

ਭੋਲਾ ਸਿੰਘ- ਉਹ ਬਸ ਯਾਰ, ਰਹਿਣ ਦਿਆ ਕਰ। ਐ ਕਿਵੇਂ ਹੋ ਜੂ।

ਮਾਸਟਰ ਜੋਰਾਵਰ ਸਿੰਘ – ਇੰਜ ਈ ਹੋ ਰਿਹਾ ਏ। ਸਰਕਾਰ ਨੇ ਹੁਣ ਲੋਕਾਂ ਨੂੰ ਸੌਖ ਕਰਤੀ ਆ। ਲੋਕ ਘਰ ਬੈਠੇ ਹੀ 406 ਪ੍ਰਕਾਰ ਦੀਆਂ ਸਰਕਾਰੀ ਸੇਵਾਵਾਂ ਦਾ ਲਾਭ ਲੈ ਸਕਦੇ ਨੇ। ਇਸ ਦੇ ਤਹਿਤ ਤੁਸੀਂ ਇੱਕ ਫੋਨ ਕਰਨਾ ਹੈ ਅਤੇ ਸਰਕਾਰੀ ਮੁਲਾਜ਼ਮ ਘਰੇ ਆ ਕੇ ਤੁਹਾਡੇ ਫਾਰਮ ਭਰਵਾਉਂਦਾ ਹੈ ਅਤੇ ਤੁਹਾਡੇ ਸਾਰੇ ਕੰਮ ਕਰਵਾ ਦਿੰਦਾ ਹੈ।

ਸੁਰਜੀਤ ਸਿੰਘ - ਨਾ ਫੋਨ ਸਰਕਾਰੀ ਕਿੱਥੇ ਚੱਲਦੇ ਐ। ਉਈਂ ਬੋਲੀ ਜਾਣਗੇ ਫਲਾਂ ਸੇਵਾ ਕੇ ਲੀਏ ਫਲਾਂ ਨੰਬਰ ਦਬਾਏ। ਫਿਰ ਦੱਬੀ ਜਾਇਓ ਇਕ ਦੋ ਤਿੰਨ। ਆਖੀਰ ਤੇ ਕਹਿ ਦੈਣਗੇ ਅਭੀ ਹਮਾਰੇ ਸਭੀ ਐਕਜੁਕੇਟਿਵ ਬਿਜੀ ਹੈਂ, ਆਪ ਥੋੜੀ ਦੇਰ ਬਾਅਦ ਕਾਲ ਕਰੇਂ। ਫਿਰ ਲੱਗੇ ਰਿਹੋ ਇਸੇ ਖੇਡ।

ਮਾਸਟਰ ਜੋਰਾਵਰ ਸਿੰਘ- ਨਹੀਂ ਇਹੋ ਜਿਹੀ ਗੱਲ ਨਹੀਂ। ਸਰਕਾਰ ਨੇ ਤਕੜਾ ਇੰਤਜਾਮ ਕੀਤਾ ਹੈ। ਇਹ ਮਾਨ ਜਾਣਦਾ ਹੈ ਲੋਕਾਂ ਦੇ ਦੁੱਖ। ਤੁਸੀਂ ਬੱਸ 1076 ਫੋਨ ਨੰਬਰ ਤੇ ਕਾਲ ਕਰੇ। ਇਹ ਫੋਨ ਹਮੇਸ਼ਾ ਚਲਦਾ ਹੈ । ਇਸ ਫੋਨ ਨੰਬਰ ਤੇ ਤੁਸੀਂ ਕਾਲ ਕਰਕੇ ਜਿਹੜੀ ਸਰਕਾਰੀ ਸੇਵਾ ਲੈਣੀ ਹੋਵੇ ਉਸ ਬਾਰੇ ਦੱਸ ਸਕਦੇ ਹੋ । ਫਿਰ ਤੁਹਾਨੂੰ ਸਮਾਂ ਦਿੱਤਾ ਜਾਵੇਗਾ ਜਦੋਂ ਸਰਕਾਰੀ ਮੁਲਾਜ਼ਮ ਤੁਹਾਡੇ ਘਰ ਆਵੇਗਾ। ਦਿੱਤੇ ਗਏ ਸਮੇਂ ਤੇ ਸਰਕਾਰੀ ਮੁਲਾਜ਼ਮ ਘਰੇ ਆ ਕੇ ਤੁਹਾਡੀ ਫੋਟੋ ਲਵੇਗਾ ਅਤੇ ਹੋਰ ਲੋੜੀਂਦੇ ਦਸਤਾਵੇਜ਼ ਤੁਹਾਡੇ ਤੋਂ ਪ੍ਰਾਪਤ ਕਰੇਗਾ ਅਤੇ ਫਿਰ ਜੋ ਵੀ ਸਰਕਾਰੀ ਸੇਵਾ ਤੁਸੀਂ ਲੈਣਾ ਚਾਹੁੰਦੇ ਹੋ ਉਸ ਸਬੰਧੀ ਸਰਕਾਰੀ ਦਫਤਰ ਵਿਖੇ ਉਸ ਸਬੰਧੀ ਸਾਰੀ ਕਾਰਵਾਈ ਕਰਨ ਉਪਰੰਤ ਨਿਰਧਾਰਤ ਦਿਨਾਂ ਵਿੱਚ ਤੁਹਾਨੂੰ ਸਰਕਾਰੀ ਸੇਵਾ ਜਿਵੇਂ ਕਿਸੇ ਦੀ ਪੈਨਸ਼ਨ ਲੱਗਣੀ ਹੋਵੇ ਜਾਂ ਕੋਈ ਸਰਟੀਫਿਕੇਟ ਹੋਵੇ ਘਰ ਆ ਕੇ ਹੀ ਪੁੱਜਦਾ ਕਰ ਦਿੱਤਾ ਜਾਂਦਾ ਹੈ। ਇਸ ਤੋਂ ਬਿਨਾਂ ਮੋਬਾਈਲ ਤੇ ਵੀ ਲਿੰਕ ਆ ਜਾਂਦਾ ਹੈ ਜਿੱਥੋਂ ਵੀ ਤੁਸੀਂ ਆਪਣਾ ਸਰਟੀਫਿਕੇਟ ਡਾਊਨਲੋਡ ਕਰ ਸਕਦੇ ਹੋ।

ਮੇਹਰ ਸਿੰਘ- ਹਲਾ! ਇਹ ਤਾਂ ਫਿਰ ਜਮਾਂ ਹੀ ਕਮਾਲ ਹੋ ਗਈ ।

ਮਾਸਟਰ ਜੋਰਾਵਾਰ ਸਿੰਘ- ਹਾਂ ਕਮਾਲ ਤਾਂ ਹੋਗੀ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਕਮਾਲ ਹੀ ਕਰਦਾ ਹੈ । ਉਹਨੂੰ ਪਤਾ ਹੈ ਕਿ ਲੋਕਾਂ ਨੂੰ ਕਿਹੜੀਆਂ ਮੁਸ਼ਕਿਲਾਂ ਆਉਂਦੀਆਂ ਸੀ ਅਤੇ ਦਫਤਰਾਂ

ਵਿੱਚ ਲੱਗਣ ਵਾਲੀਆਂ ਲਾਈਨਾਂ ਅਤੇ ਹੋਰ ਖੱਜਲ ਖੁਆਰੀਆਂ ਤੋਂ ਲੋਕਾਂ ਨੂੰ ਕਿਵੇਂ ਬਚਾਉਣਾ ਹੈ। ਸਾਡਾ ਮੁੱਖ ਮੰਤਰੀ ਜਾਣਦਾ ਹੈ ਇਹ ਗੱਲ।

ਮੇਹਰ ਸਿੰਘ- ਫਿਰ ਮਾਸਟਰ ਜੀ ਮੇਰਾ ਮੁੰਡਾ ਕਹਿੰਦਾ ਸੀ ਐਸਸੀ ਵਾਲਾ ਸਰਟੀਫਿਕੇਟ ਬਣਾਉਣ ਦਾ। ਮੈਨੂੰ ਤਾਂ ਦਿਹਾੜੀ ਮਰਨ ਦਾ ਡਰ ਸੀ ਵੀ ਜੇ ਉਹਨੂੰ ਨਾਲ ਲੈ ਕੇ ਸੇਵਾ ਕੇਂਦਰ ਗਿਆ ਤੇ ਪਿੱਛੋਂ ਦਿਹਾੜੀ ਖੋਟੀ ਹੋਊ ਤੇ ਫਿਰ ਪਤਾ ਨਹੀਂ ਕਿੰਨੇ ਗੇੜੇ ਲੱਗਣਗੇ । ਕੀ ਉਹਦਾ ਐਸ ਸੀ ਸਰਟੀਫਿਕੇਟ ਵੀ ਬਣ ਸਕਦਾ ਹੈ ਘਰ ਬੈਠੇ ਦਾ।

ਮਾਸਟਰ ਜੋਰਾਵਰ ਸਿੰਘ - ਹਾਂ ਐਸਸੀ ਸਰਟੀਫਿਕੇਟ, ਬੀਸੀ ਸਰਟੀਫਿਕੇਟ, ਇਨਕਮ ਸਰਟੀਫਿਕੇਟ, ਡਰਾਈਵਿੰਗ ਲਾਈਸੈਂਸ, ਪਾਸਪੋਰਟ, ਪੁਲਿਸ ਵੇਰੀਫਿਕੇਸ਼ਨ, ਜ਼ਿਲਾ ਅਧਿਕਾਰੀਆਂ ਤੋਂ ਐਨਓਸੀ, ਕਿਰਾਏਦਾਰਾਂ ਦੀ ਵੇਰੀਫਿਕੇਸ਼ਨ, ਇਸ ਤਰ੍ਹਾਂ ਦੀਆਂ 406 ਪ੍ਰਕਾਰ ਦੀਆਂ ਸੇਵਾਵਾਂ ਹੁਣ ਸਰਕਾਰ ਵੱਲੋਂ ਘਰ ਬੈਠੇ ਦਿੱਤੀਆਂ ਜਾ ਰਹੀਆਂ ਹਨ।

ਭੋਲਾ ਸਿੰਘ- ਇਹ ਕਦੋਂ ਕੁ ਦਾ ਕੰਮ ਚੱਲ ਰਿਹਾ ਹੈ ਇਸ ਤਰਾਂ ਦਾ।

ਮਾਸਟਰ ਜੋਰਾਵਰ ਸਿੰਘ- ਪਹਿਲਾਂ ਇਹ 2023 ਦੇ ਦਸੰਬਰ ਮਹੀਨੇ ਤੋਂ 43 ਸੇਵਾਵਾਂ ਘਰੇ ਬੈਠੀਆਂ ਮਿਲ ਰਹੀਆਂ ਸੀ, ਪਰ ਹੁਣ ਸਰਕਾਰ ਨੇ ਇਹਨਾਂ ਦੀ ਗਿਣਤੀ ਵਧਾ ਕੇ 406 ਕਰ ਦਿੱਤੀ ਹੈ। ਇਸ ਮਹਿਕਮੇ ਦੇ ਮੰਤਰੀ ਅਮਨ ਅਰੋੜਾ ਦਾ ਬਿਆਨ ਪੜ੍ਹਿਆ ਸੀ, ਉਹ ਦੱਸਦੇ ਸੀ ਬਈ 92000 ਤੋਂ ਵੱਧ ਇਸ ਸਕੀਮ ਤਹਿਤ ਹੁਣ ਤੱਕ ਅਰਜੀਆਂ ਪ੍ਰਾਪਤ ਹੋਈਆਂ ਹਨ।

ਸੁਰਜੀਤ ਸਿੰਘ- ਇਹ ਤਾਂ ਬਈ ਕਮਾਲ ਦੀ ਗੱਲ ਹੈ। ਮੈਨੂੰ ਤਾਂ ਯਕੀਨ ਨ੍ਹੀ ਹੋ ਰਿਹਾ ਵੀ ਆਪਣੇ ਮੁਲਕ ਵਿਚ ਵੀ ਇਹੋ ਜਿਹਾ ਕੁਝ ਹੋ ਸਕਦਾ ਹੈ।

ਮਾਸਟਰ ਜੋਰਾਵਰ ਸਿੰਘ - ਬਿਲਕੁਲ ਕਮਾਲ ਹੈ। ਬਸ ਤੁਸੀਂ ਫੋਨ ਨੰਬਰ ਯਾਦ ਰੱਖਣਾ ਹੈ 1076, ਇੱਥੇ ਕਾਲ ਕਰਕੇ ਤੁਸੀਂ ਪੁੱਛ ਸਕਦੇ ਹੋ ਕਿ ਕਿਹੜੀ ਕਿਹੜੀ ਸਰਵਿਸ ਇੱਥੇ ਮਿਲਦੀ ਹੈ। ਇਸ ਲਈ ਜਦੋਂ ਵੀ ਤੁਹਾਨੂੰ ਹੁਣ ਕਿਸੇ ਦਫਤਰ ਵਿੱਚ ਕੋਈ ਸਰਕਾਰੀ ਸੇਵਾ ਲੈਣੀ ਹੋਵੇ ਤਾਂ ਪਹਿਲਾਂ ਇਸ ਨੰਬਰ ਤੇ ਫੋਨ ਕਰਕੇ ਪੁੱਛ ਲਵੋ ਕਿ ਘਰ ਬੈਠਿਆਂ ਹੀ ਇਹ ਸੇਵਾ ਮੈਨੂੰ ਮਿਲ ਸਕਦੀ ਹੈ ਜਾਂ ਨਹੀਂ। ਤਾਂ ਫਿਰ ਜੇ ਉਹ ਹਾਮੀ ਭਰਨ ਤਾਂ ਉੱਥੇ ਆਪਣਾ ਨਾਮ ਪਤਾ ਲਿਖਾ ਦਿਓ ਤਾਂ ਸਰਕਾਰੀ ਮੁਲਾਜ਼ਮ ਤੁਹਾਡੇ ਘਰ ਆ ਕੇ ਤੁਹਾਨੂੰ ਇਸ ਸੇਵਾ ਦਾ ਲਾਭ ਦੇ ਜਾਵੇਗਾ।

ਬਲਵੰਤ ਸਿੰਘ- ਫਿਰ ਲੈ ਮਾਸਟਰਾਂ, ਤੂੰ ਤੇਰੇ ਫੋਨ ਤੋਂ ਹੀ ਲਾ 1076 ਤੇ ਕਾਲ ਤੇ ਮੇਰੀ ਬੁਕਿੰਗ ਕਰਵਾ। ਮੈਂ ਜਰੂਰ ਧੱਕੇ ਖਾਣ ਜਾਣੇ ਆ ਸ਼ਹਿਰ। ਮੈਂ ਤਾਂ ਘਰੇ ਬੈਠਾ ਹੀ ਪੈਨਸ਼ਨ ਲਵਾਊ ਤੇ ਨਾਲੇ ਜਿੱਦੇ ਪੈਨਸ਼ਨ ਆਈ ਤੈਨੂੰ ਲੱਡੂ ਖਵਾਊ।

ਸੁਰਜੀਤ ਸਿੰਘ- ਚੱਲ ਬਲਵੰਤ ਸਿਹਾਂ ਅੱਜ ਤਿਆਰ ਤਾਂ ਹੋਇਆ ਹੀ ਐ, ਬੜੀ ਟੌਰ ਕੱਢੀ ਐ। ਸੋਹਰਿਆਂ ਵਾਲੇ ਪਾਸੇ ਹੀ ਜਾ ਆ। ਪੈਨਸ਼ਨ ਵਾਲਾ ਕੰਮ ਤਾਂ ਤੇਰਾ ਮਾਸਟਰ ਨੇ ਇੱਥੇ ਹੀ ਕਰਵਾਤਾ। (ਸਾਰੇ ਹੱਸ ਪੈਂਦੇ ਹਨ)

**(ਲੇਖਕ ਫਾਜ਼ਿਲਕਾ ਵਿਖੇ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ ਹਨ)**

# "ਸੇਵਾ ਮੁਕਤੀ..."

ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ
ਬਹੁਤ ਸਮੇਟਣੇ ਕਾਰਜ ਅਜੇ ਤਾਂ ਬਾਕੀ ਨੇ,
ਵਕਤ ਬੀਤੇ ਦੀਆਂ ਗਰਦਿਸ਼ ਭਰੀਆਂ ਹਨੇਰੀਆਂ ਦੇ
ਰਾਹ ਵਿੱਚ ਖੜ੍ਹੇ ਅੜ੍ਹਿੱਕੇ ਕਈ ਆਕੀ ਨੇ...

ਸਦਾ ਰਿਹਾ ਮਜਬੂਰ ਤੇ ਨਿਕਲ ਪਾਇਆ ਨਾ
ਸਿਰ ਤੇ ਭਾਰ ਸੀ ਘਰ ਦੀਆਂ ਜ਼ੁੰਮੇਵਾਰੀਆਂ ਦਾ,
ਆਪਣੀ ਮਾਰ ਜ਼ਮੀਰ ਤੇ ਖੂਬ ਨਿਭਾਇਆ ਸੀ
ਹੁਕਮ ਮੈਂ ਆਪਣੇ ਕਈ ਉੱਚ ਅਧਿਕਾਰੀਆਂ ਦਾ,
ਮੈਂ ਰੁਖ਼ਸਤ ਹੋਇਆਂ ਅਜੇ ਰਟੀਨ ਡਿਊਟੀ ਤੋਂ
ਸਮਾਜ ਦੀ ਸੇਵਾ ਫਰਜ਼ ਸਾਡੇ ਇਖਲਾਕੀ ਨੇ,
ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ
ਬਹੁਤ ਸਮੇਟਣੇ ਕਾਰਜ ਅਜੇ ਤਾਂ ਬਾਕੀ ਨੇ...

ਭੈਣ ਭਰਾ ਤੇ ਚਾਚੇ ਤਾਏ ਰਿਸ਼ਤੇ ਸਭ
ਵਿਰਵੇ ਰਹੇ ਜੋ ਸਭ ਮੇਰੀਆਂ ਗਲਵੱਕੜੀਆਂ ਤੋਂ,
ਦੋ ਪਲ ਬਹਿਣ ਨੂੰ ਪਤਨੀ,ਬੱਚੇ,ਮਾਪੇ ਤਰਸਦੇ ਰਹੇ
ਮੈਂ ਰਿਹਾ ਵਿਅਸਤ ਨਿਕਲਣ ਲਈ ਜਾਲ ਮੱਕੜੀਆਂ ਚੋਂ,
ਬਹਿ ਬਹਿ ਉਹਨਾਂ ਕੋਲ ਮੈਂ ਕਰਨਾ ਦਿਲ ਹੌਲ਼ਾ
ਜੋ ਬਣ ਤੂਫ਼ਾਨ ਵਿਚਾਰ ਤੋੜ ਰਹੇ ਤਾਕੀ ਨੇ,
ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ
ਬਹੁਤ ਸਮੇਟਣੇ ਕਾਰਜ ਅਜੇ ਤਾਂ ਬਾਕੀ ਨੇ...

ਗਿੱਦੜ ਬੈਠੇ ਨੇ ਰਖਵਾਲੀ ਫਸਲਾਂ ਦੀ
ਖੇਤਾਂ ਨੂੰ ਉਹਨਾਂ ਤੋਂ ਆਜ਼ਾਦ ਕਰਾਉਣਾ ਏ,
ਮਜ਼ਲੂਮਾਂ ਦਾ ਸਾਥ ਤੇ ਹੱਕਾਂ ਲਈ ਲੜਨਾ
ਮਾਪਿਆਂ ਦੇ ਸੁਪਨੇ ਆਬਾਦ ਕਰਾਉਣਾ ਏ
ਬੰਧਨ ਮੁਕਤ ਹੋ ਗਈ ਹੈ ਹੁਣ ਸੋਚ ਮੇਰੀ
ਏਸ ਪੰਧ ਵਿੱਚ ਹੋਰ ਬਣ ਜਾਣੇ ਸਾਥੀ ਨੇ,
ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ
ਬਹੁਤ ਸਮੇਟਣੇ ਕਾਰਜ ਅਜੇ ਤਾਂ ਬਾਕੀ ਨੇ...

ਮੁਹੱਬਤਾਂ ਦੀ ਏਹ ਸਾਂਝ ਪਹਿਲਾਂ ਵਾਂਗ ਰਹੂ
ਸਾਰਿਆਂ ਦੇ ਨਾਲ ਪਿਆਰ ਨੂੰ ਹੋਰ ਵਧਾਉਣਾ ਏ,
ਸਤਨਾਮ ਮੱਟੂ ਤੋਂ ਦੇ ਨਜ਼ਰ ਅੰਦਾਜ਼ ਹੋਏ
ਪਰਿਵਾਰਕ ਜੀਆਂ ਨੂੰ ਗਲ ਨਾਲ ਲਾਉਣਾ ਏ,
ਜਾਣੇ ਅਤੇ ਅਣਜਾਣੇ ਵਿੱਚ ਕੁਝ ਬੋਲਿਆ ਜੋ
ਜਿਹੜੇ ਕੀਤੇ ਦੂਰ ਮੇਰੀ ਗੁਸਤਾਖੀ ਨੇ,
ਸੇਵਾ ਮੁਕਤ ਨਹੀਂ ਹੋਇਆ ਅਜੇ ਮੈਂ ਜ਼ਿੰਦਗੀ ਤੋਂ
ਬਹੁਤ ਸਮੇਟਣੇ ਕਾਰਜ ਅਜੇ ਤਾਂ ਬਾਕੀ ਨੇ....

**ਇੰਜੀ.ਸਤਨਾਮ ਸਿੰਘ ਮੱਟੂ**
**9779708257**

# ਕੌਮੀ ਖੇਡਾਂ ਦੇ ਜੇਤੂ ਪੰਜਾਬੀ ਖਿਡਾਰੀ

ਉਤਰਾਖੰਡ ਦੇ ਵੱਖ-ਵੱਖ ਸ਼ਹਿਰਾਂ ਵਿੱਚ ਬੀਤੇ ਦਿਨੀਂ 38ਵੀਆਂ ਕੌਮੀ ਖੇਡਾਂ ਸੰਪੰਨ ਹੋਈਆਂ। ਕੌਮੀ ਖੇਡਾਂ ਵਿੱਚ ਦੇਸ਼ ਦੇ ਸਾਰੇ ਸੂਬਿਆਂ ਅਤੇ ਕੇਂਦਰ ਸਾਸ਼ਿਤ ਪ੍ਰਦੇਸ਼ਾਂ ਸਮੇਤ ਸਰਵਿਸਜ਼ ਦੇ ਖਿਡਾਰੀਆਂ ਨੇ ਆਪਣੇ ਜਲੌਅ ਦਾ ਪ੍ਰਦਰਸ਼ਨ ਕੀਤਾ। ਕੌਮੀ ਖੇਡਾਂ ਵਿੱਚ ਭਾਰਤੀ ਜਲ ਸੈਨਾ, ਹਵਾਈ ਸੈਨਾ ਤੇ ਥਲ ਸੈਨਾ ਦੇ ਜਵਾਨ ਸਰਵਿਸਜ਼ ਵੱਲੋਂ ਨੁਮਾਇੰਦਗੀ ਕਰਦੇ ਹਨ। ਇਸ ਤੋਂ ਇਲਾਵਾ ਬਾਕੀ ਖਿਡਾਰੀ ਆਪੋ-ਆਪਣੇ ਸੂਬੇ ਜਾਂ ਯੂ.ਟੀ. ਵੱਲੋਂ ਖੇਡਦੇ ਹਨ। ਪੰਜਾਬ ਦੇ ਖਿਡਾਰੀਆਂ ਨੇ ਕੌਮੀ ਖੇਡਾਂ ਵਿੱਚ 15 ਸੋਨੇ, 20 ਚਾਂਦੀ ਤੇ 31 ਕਾਂਸੀ ਦੇ ਤਮਗ਼ਿਆਂ ਸਮੇਤ ਕੁੱਲ 66 ਤਮਗ਼ੇ ਜਿੱਤੇ। ਪੰਜਾਬ ਦੇ ਕਈ ਖਿਡਾਰੀ ਦੇਸ਼ ਦੀਆਂ ਸੈਨਾਵਾਂ ਵਿੱਚ ਨੌਕਰੀ ਕਰਦੇ ਹੋਣ ਕਰਕੇ ਸਰਵਿਸਜ਼ ਵੱਲੋਂ ਵੀ ਖੇਡੇ ਅਤੇ ਤਮਗ਼ੇ ਜਿੱਤੇ। ਇਸ ਤੋਂ ਇਲਾਵਾ ਹਾਕੀ ਖੇਡ ਦੇ ਪੰਜਾਬੀ ਖਿਡਾਰੀ ਭਾਰਤ ਦੀ ਟੀਮ ਵੱਲੋਂ ਖੇਡਦੇ ਹੋਣ ਕਰਕੇ ਕੌਮੀ ਖੇਡਾਂ ਵਿੱਚ ਹਿੱਸਾ ਨਹੀਂ ਲੈ ਸਕੇ।

ਪੰਜਾਬ ਦੇ ਖਿਡਾਰੀਆਂ ਵੱਲੋਂ ਜਿੱਤੇ ਗਏ 15 ਸੋਨ ਤਮਗ਼ਿਆਂ ਵਿੱਚੋਂ ਅਥਲੈਟਿਕਸ ਵਿੱਚ ਚਾਰ, ਨਿਸ਼ਾਨੇਬਾਜ਼ੀ ਵਿੱਚ ਤਿੰਨ ਅਤੇ ਜੂਡੋ, ਵੇਟ ਲਿਫਟਿੰਗ, ਤੀਰਅੰਦਾਜ਼ੀ, ਸਾਈਕਲਿੰਗ ਤੇ ਬਾਸਕਟਬਾਲ ਵਿੱਚ ਇਕ-ਇਕ ਸੋਨ ਤਮਗਾ ਜਿੱਤਿਆ। ਅਥਲੈਟਿਕਸ ਵਿੱਚ ਪੰਜਾਬ ਦੀਆਂ ਕੁੜੀਆਂ ਨੇ 4 ਗੁਣਾਂ 400 ਮੀਟਰ ਰਿਲੇਅ ਦੌੜ ਵਿੱਚ ਜਬਰਦਸਤ ਪ੍ਰਦਰਸ਼ਨ ਕਰਦਿਆਂ ਸੋਨੇ ਦਾ ਤਮਗ਼ਾ ਜਿੱਤਿਆ। ਰਮਨਦੀਪ ਕੌਰ, ਟਵਿੰਕਲ ਚੌਧਰੀ, ਕਿਰਨਪਾਲ ਕੌਰ ਤੇ ਰਸ਼ਦੀਪ ਕੌਰ ਵੱਲੋਂ ਦੌੜੀ ਗਈ ਇਤਿਹਾਸਕ ਦੌੜ ਸੋਸ਼ਲ ਮੀਡੀਆ ਉਪਰ ਸਭ ਤੋਂ ਵੱਧ ਸੁਰਖੀਆਂ ਵਿੱਚ ਰਹੀ। ਦੋ ਵਾਰ ਦੇ ਓਲੰਪੀਅਨ ਅਤੇ ਦੋ ਵਾਰ ਏਸ਼ਿਆਈ ਖੇਡਾਂ ਦੇ ਸੋਨ ਤਮਗ਼ਾ ਜੇਤੂ ਤੇਜਿੰਦਰ ਪਾਲ ਸਿੰਘ ਤੂਰ ਨੇ ਪੁਰਸ਼ਾਂ ਦੇ ਸ਼ਾਟਪੁੱਟ ਅਤੇ ਜੈਸਮੀਨ ਕੌਰ ਨੇ ਮਹਿਲਾਵਾਂ ਦੇ ਸ਼ਾਟਪੁੱਟ ਵਿੱਚ ਸੋਨ ਤਮਗ਼ਾ ਜਿੱਤਿਆ। ਨਿਹਾਰਿਕਾ ਵਸ਼ਿਸਟ ਨੇ ਤੀਹਰੀ ਛਾਲ ਵਿੱਚ ਸੋਨ ਤਮਗ਼ਾ ਜਿੱਤਿਆ।

ਅਥਲੈਟਿਕਸ ਤੋਂ ਬਾਅਦ ਨਿਸ਼ਾਨੇਬਾਜ਼ੀ ਖੇਡ ਵਿੱਚ ਪੰਜਾਬੀਆਂ ਦਾ ਕੋਈ ਸਾਨੀ ਨਹੀਂ। ਪੈਰਿਸ ਓਲੰਪਿਕਸ ਵਿੱਚ ਪੰਜਾਬ ਦੇ ਸੱਤ ਨਿਸ਼ਾਨੇਬਾਜ਼ਾਂ ਨੇ ਹਿੱਸਾ ਲਿਆ ਸੀ। ਕੌਮੀ ਖੇਡਾਂ ਵਿੱਚ ਓਲੰਪੀਅਨ ਸਿਫ਼ਤ ਕੌਰ ਸਮਰਾ ਨੇ 50 ਮੀਟਰ ਰਾਈਫ਼ਲ ਥ੍ਰੀ ਪੁਜੀਸ਼ਨ, ਵਿਸ਼ਵ ਕੱਪ ਤਮਗ਼ਾ ਜੇਤੂ ਗਨੀਮਤ ਸੇਖੋਂ ਨੇ ਸਕੀਟ ਅਤੇ ਓਲੰਪੀਅਨ ਅਰਜੁਨ ਬਬੂਟਾ ਤੇ ਓਜਸਵੀ ਠਾਕੁਰ ਨੇ 10 ਮੀਟਰ ਏਅਰ ਰਾਈਫ਼ਲ ਮਿਕਸਡ ਟੀਮ ਈਵੈਂਟ ਵਿੱਚ ਸੋਨੇ ਦਾ ਤਮਗ਼ਾ ਜਿੱਤਿਆ। ਕੁਸ਼ਤੀ ਵਿੱਚ ਸਾਹਿਲ ਨੇ ਪੁਰਸ਼ਾਂ ਦੇ 97 ਕਿਲੋ ਭਾਰ ਵਰਗ ਵਿੱਚ ਸੋਨ ਤਮਗ਼ਾ ਜਿੱਤਿਆ। ਇਸ ਤੋਂ ਇਲਾਵਾ ਹਰਸ਼ਪ੍ਰੀਤ ਸਿੰਘ ਨੇ ਜੂਡੋ ਵਿੱਚ ਪੁਰਸ਼ਾਂ ਦੇ 81 ਕਿਲੋ ਭਾਰ ਵਰਗ ਤੱਕ ਮੁਕਾਬਲੇ, ਮਹਿਕ ਸ਼ਰਮਾ ਨੇ ਮਹਿਲਾਵਾਂ ਦੇ 87 ਕਿਲੋ ਭਾਰ ਵਰਗ ਵੇਟ ਲਿਫਟਿੰਗ, ਤੀਰਅੰਦਾਜ਼ੀ ਵਿੱਚ ਮਹਿਲਾ ਕੰਪਾਊਂਡ ਟੀਮ ਅਤੇ ਬਾਸਕਟਬਾਲ ਵਿੱਚ ਪੁਰਸ਼ਾਂ ਦੀ ਟੀਮ ਨੇ ਸੋਨੇ ਦਾ ਤਮਗ਼ਾ ਜਿੱਤਿਆ।

ਚਾਂਦੀ ਦੇ ਤਮਗ਼ਾ ਜਿੱਤਣ ਵਾਲਿਆਂ ਵਿੱਚ ਜੂਡੋਕਾ ਰਾਜਵਿੰਦਰ ਕੌਰ, ਕੁਸ਼ਤੀ ਵਿੱਚ ਰਾਜਨਦੀਪ ਤੇ ਕੇ ਸਿੰਘ, ਤਲਵਾਰਬਾਜ਼ੀ ਵਿੱਚ ਈਨਾ ਅਰੋੜਾ, ਹੈਮਰ ਥਰੋਅਰ ਦਮਨੀਤ ਮਾਨ, ਨਿਸ਼ਾਨੇਬਾਜ਼ ਅੰਜੁਮ ਮੌਦਗਿਲ, ਵੇਟਲਿਫਟਰ ਮਨਪ੍ਰੀਤ ਕੌਰ ਤੇ ਹਰਜਿੰਦਰ ਕੌਰ, ਤੀਰਅੰਦਾਜ਼ ਪਰਨੀਤ ਕੌਰ ਸ਼ਾਮਲ ਸਨ। ਇਸ ਤੋਂ ਇਲਾਵਾ ਤੀਰਅੰਦਾਜ਼ੀ ਟੀਮ, ਟਰੈਕ ਸਾਈਕਲਿੰਗ ਟੀਮ ਨੇ ਚਾਂਦੀ ਦੇ ਤਮਗ਼ੇ ਜਿੱਤੇ। ਕਾਂਸੀ ਦੇ ਤਮਗ਼ਾ ਜੇਤੂਆਂ ਵਿੱਚ ਸਕੀਟ ਨਿਸ਼ਾਨੇਬਾਜ਼ ਭਵਤੇਗ ਗਿੱਲ, ਪਿਸਟਲ ਨਿਸ਼ਾਨੇਬਾਜ਼ ਸਿਮਰਨ ਬਰਾੜ ਤੇ ਵਿਜੈਵੀਰ ਸਿੱਧੂ, ਕੁਸ਼ਤੀ ਵਿੱਚ ਅਭਿਮਨਯੂ ਤੇ ਸਰਬਜੋਤ, ਅਥਲੀਟ ਪ੍ਰਭਕਿਰਪਾਲ, ਅਮਨਦੀਪ ਕੌਰ, ਅਮਨਜੋਤ ਸਿੰਘ, ਅਮਾਨਤ ਕੰਬੋਜ, ਜੂਡੋ ਵਿੱਚ ਪਲਵੀ, ਮੁੱਕੇਬਾਜ਼ੀ ਵਿੱਚ ਸਿਮਰ ਬਾਠ,ਤੀਰਅੰਦਾਜ਼ੀ ਵਿੱਚ ਉਦੇ ਕੰਬੋਜ ਤੇ ਪਰਨੀਤ ਕੌਰ ਦੀ ਟੀਮ, ਰੋਇੰਗ ਵਿੱਚ ਜੈਸਮੀਨ ਤੇ ਜਸ਼ਨਪ੍ਰੀਤ ਦੀ ਟੀਮ, ਯੋਗਾ ਵਿੱਚ ਅਲਕਾ
















ਕੁਮਾਰੀ, ਸਾਈਕਲਿੰਗ ਵਿੱਚ ਪੁਰਸ਼ ਟੀਮ ਤੇ ਹਰਸ਼ਵੀਰ ਸੇਖੋਂ ਸ਼ਾਮਲ ਸਨ। ਨੈਟਬਾਲ ਦੀ ਫਾਸਟ ਫਾਈਨ ਕੁੜੀਆਂ ਦੀ ਟੀਮ ਅਤੇ ਅਥਲੈਟਿਕਸ ਵਿੱਚ 4 ਗੁਣਾਂ 400 ਮੀਟਰ ਮਿਕਸਡ ਰਿਲੇਅ ਟੀਮ ਨੇ ਕਾਂਸੀ ਦਾ ਤਮਗ਼ਾ ਜਿੱਤਿਆ।

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਖੇਡਾਂ ਦਾ ਪੱਧਰ ਉਪਰ ਚੁੱਕਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ। ਪੰਜਾਬ ਨੂੰ ਖੇਡਾਂ ਵਿੱਚ ਮੁੜ ਚੋਟੀ ਉਤੇ ਪਹੁੰਚਾਣ ਲਈ ਨਵੀਂ ਖੇਡ ਨੀਤੀ ਬਣਾਈ। ਪਿਛਲੇ ਸਮੇਂ ਵਿੱਚ ਪੰਜਾਬ ਦੇ ਖਿਡਾਰੀਆਂ ਨੇ ਏਸ਼ਿਆਈ ਖੇਡਾਂ ਵਿੱਚ ਸਭ ਤੋਂ ਵੱਧ 20 ਤਮਗ਼ੇ ਜਿੱਤੇ। ਪੈਰਿਸ ਓਲੰਪਿਕਸ ਵਿੱਚ 20 ਖਿਡਾਰੀਆਂ ਨੇ ਹਿੱਸਾ ਲਿਆ ਅਤੇ ਹਾਕੀ ਵਿੱਚ 10 ਖਿਡਾਰੀ ਸ਼ਾਮਲ ਸਨ ਜਿਨ੍ਹਾਂ ਕਾਂਸੀ ਦਾ ਤਮਗ਼ਾ ਜਿੱਤਿਆ। ਪੰਜਾਬ ਸਰਕਾਰ ਵੱਲੋਂ ਪਿਛਲੇ ਤਿੰਨ ਸਾਲਾਂ ਵਿੱਚ ਜੇਤੂ ਖਿਡਾਰੀਆਂ ਨੂੰ 90 ਕਰੋੜ ਰੁਪਏ ਤੋਂ ਵੱਧ ਦੇ ਨਗਦ ਇਨਾਮ ਵੀ ਦਿੱਤੇ ਜਾ ਚੁੱਕੇ ਹਨ। 11 ਸਿਖਰਲੇ ਖਿਡਾਰੀਆਂ ਨੂੰ ਪੀ.ਸੀ.ਐਸ. ਤੇ ਡੀ.ਐਸ.ਪੀ. ਦੀ ਨੌਕਰੀ ਦਿੱਤੀ ਗਈ। 2022 ਵਿੱਚ ਗੁਜਰਾਤ ਅਤੇ 2023 ਵਿੱਚ ਗੋਆ ਵਿਖੇ ਹੋਈਆਂ ਨੈਸ਼ਨਲ ਖੇਡਾਂ ਦੇ ਸੋਨੇ, ਚਾਂਦੀ ਤੇ ਕਾਂਸੀ ਦੇ ਤਮਗ਼ਾ ਜੇਤੂ ਪੰਜਾਬੀ ਖਿਡਾਰੀਆਂ ਨੂੰ ਕ੍ਰਮਵਾਰ 5 ਲੱਖ ਰੁਪਏ, 3 ਲੱਖ ਰੁਪਏ ਤੇ 2 ਲੱਖ ਰੁਪਏ ਦੇ ਇਨਾਮ ਦਿੱਤੇ ਗਏ।

# ਦਿਲਾਂ ’ਚ ਵਸਿਆ ਨਾਇਕ ਸ਼ਹੀਦੇ-ਆਜ਼ਮ ਭਗਤ ਸਿੰਘ

ਡਾ. ਕੁਲਜੀਤ ਸਿੰਘ ਮੀਆਂਪੁਰੀ

ਭਾਰਤ ਦੇ ਆਜ਼ਾਦੀ ਦੇ ਸੰਘਰਸ਼ ਨੂੰ ਨਵੀਂ ਦਿਸ਼ਾ ਦੇਣ ਵਾਲੇ ਸ਼ਹੀਦੇ-ਆਜ਼ਮ ਭਗਤ ਸਿੰਘ ਦਾ ਜਨਮ 28 ਸਤੰਬਰ, 1907 ਨੂੰ ਪਿੰਡ ਬੰਗਾ, ਜ਼ਿਲ੍ਹਾ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਬਚਪਨ ਵਿੱਚ ਭਗਤ ਸਿੰਘ ਨੂੰ ਮਜ਼ਦੂਰ-ਕਿਸਾਨਾਂ ਲਈ ਪਿਆਰ, ਅੰਧ ਵਿਸਵਾਸ਼ਾਂ ਤੋਂ ਮੁਕਤ ਮਾਹੌਲ ਮਿਲਿਆ। ਭਗਤ ਸਿੰਘ ਦੀ ਪ੍ਰਾਇਮਰੀ ਤੱਕ ਦੀ ਪੜ੍ਹਾਈ, ਪਿੰਡ ਬੰਗੇ ਪੂਰੀ ਕਰਵਾ ਕੇ, 1916 ਵਿੱਚ ਲਾਹੌਰ ਡੀ.ਏ.ਵੀ. ਸਕੂਲ ਬੋਰਡਿੰਗ ’ਚ ਦਾਖਲ ਕਰਵਾਇਆ ਗਿਆ। ਭਗਤ ਸਿੰਘ ਦਾ ਜਨਮ ਸਾਲ 1907 ਪੰਜਾਬ ਦੇ ਕਿਸਾਨਾਂ ਦੀ ਜਾਗ੍ਰਤੀ ਦਾ ਸਾਲ ਸੀ ਅਤੇ ‘ਪਗੜੀ ਸੰਭਾਲ ਜੱਟਾ’ ਲਹਿਰ ਜ਼ੋਰਾਂ ’ਤੇ ਸੀ। ਉਸ ਸਮੇਂ ਸ. ਕਿਸ਼ਨ ਸਿੰਘ (ਪਿਤਾ), ਸ. ਅਜੀਤ ਸਿੰਘ (ਚਾਚਾ) ਅਤੇ ਸਾਥੀ 1857 ਦੀ ਪੰਜਾਹ ਸਾਲਾ ਵਰ੍ਹੇਗੰਢ, ਇੱਕ ਵਿਸ਼ਾਲ ਆਜ਼ਾਦੀ ਦੀ ਲਹਿਰ ਪੈਦਾ ਕਰਕੇ ਮਨਾਉਣ ਦੀ ਤਿਆਰੀ ’ਚ ਲੱਗੇ ਹੋਏ ਸਨ। 1914-15 ’ਚ ਗ਼ਦਰ ਪਾਰਟੀ ਦੇ ਗ਼ਦਰੀਆਂ ਅਤੇ ਸ਼ਹੀਦ ਕਰਤਾਰ ਸਿੰਘ ਸਰਾਭੇ ਦਾ ਘਰ ਆਉਣ-ਜਾਣ ਬਣਿਆ ਹੋਇਆ ਸੀ। ਇਸ ਤਰ੍ਹਾਂ ਦੇ ਮਾਹੌਲ ’ਚ ਭਗਤ ਸਿੰਘ ਦਾ ਬਚਪਨ ਬੀਤਿਆ।



ਸ਼ਹੀਦ ਭਗਤ ਸਿੰਘ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਨੂੰ ਆਪਣਾ ਰਾਜਨੀਤਿਕ ਗੁਰੂ ਮੰਨਿਆ ਸੀ। 1919 ਪੰਜਾਬ ਅੰਦਰ ਵੱਡੀ ਜਨਤਕ ਲਾਮਬੰਦੀ ਦਾ ਸਾਲ ਸੀ। 13 ਅਪਰੈਲ 1919 ਨੂੰ ਜ਼ਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵਾਪਰਨ ਨਾਲ ਪੂਰੇ ਪੰਜਾਬ ’ਚ ਹਾਹਾਕਾਰ ਮੱਚ ਗਈ। ਦੂਸਰੇ ਦਿਨ ਹੀ ਭਗਤ ਸਿੰਘ ਜ਼ਲ੍ਹਿਆਂ ਵਾਲੇ ਬਾਗ਼ ਪਹੁੰਚ ਕੇ ਖ਼ੂਨ ਨਾਲ ਲਿਬੜੀ ਮਿੱਟੀ ਲੈ ਕੇ ਆਇਆ। ਇਸ ਘਟਨਾ ਦਾ 12 ਸਾਲ ਦੇ ਭਗਤ ਸਿੰਘ ਦੇ ਮਨ ’ਤੇ ਬਹੁਤ ਡੂੰਘਾ ਅਸਰ ਪਿਆ। ਨਵੰਬਰ 1921 ਵਿੱਚ ਸਾਰੇ ਭਾਰਤ ਵਿੱਚ ਨਾ-ਮਿਲਵਰਤਣ ਲਹਿਰ ਚੱਲੀ। ਉਨ੍ਹਾਂ ਦਿਨਾਂ ’ਚ ਡੀ.ਏ.ਵੀ. ਸਕੂਲ ’ਚ ਪੜ੍ਹ ਰਹੇ ਭਗਤ ਸਿੰਘ ਨੇ ਪੜ੍ਹਾਈ ਛੱਡ ਦਿੱਤੀ ਅਤੇ ਕੌਮੀ ਲਹਿਰ ’ਚ ਕੁੱਦ ਪਿਆ।

1922 ਵਿੱਚ ਦੇਸ਼ ਭਗਤਾਂ ਨੇ ਲਾਹੌਰ ਨੈਸ਼ਨਲ ਕਾਲਜ ਖੋਲ੍ਹ ਕੇ ਅੰਗਰੇਜ਼ਾਂ ਵਲੋਂ ਦਿੱਤੀ ਜਾ ਰਹੀ ਕਲਰਕ ਪੈਦਾ ਕਰਨ ਵਾਲੀ ਵਿੱਦਿਆ ਨੂੰ ਤਿਆਗ ਦਿੱਤਾ ਅਤੇ ਦੇਸ਼ ਭਗਤੀ ਤੇ ਇਨਕਲਾਬੀ ਤੱਤ ਵਾਲੀ ਵਿੱਦਿਆ ਦੇਣ ਦਾ ਪ੍ਰਬੰਧ ਕੀਤਾ। ਨੈਸ਼ਨਲ ਕਾਲਜ ਵਿੱਚ ਵਿਗਿਆਨਕ ਸੋਚ, ਨਵੇਂ ਵਿਚਾਰ ਅਪਣਾਉਣ, ਕਿਤਾਬਾਂ ਘੋਖਣ ਅਤੇ ਦੇਸ਼ ਦੇ ਹਾਲਾਤ ਦਾ ਵਿਸ਼ਲੇਸ਼ਣ ਕਰਨ ਦੇ ਢੰਗ ਅਪਣਾਏ ਜਾਂਦੇ ਸਨ। ਸ਼ਹੀਦ ਸੁਖਦੇਵ ਤੇ ਭਗਤ ਸਿੰਘ ਜਮਾਤੀ ਸਨ ਤੇ ਦੋਵਾਂ ਵਿਚਕਾਰ ਇਨਕਲਾਬ ਸਬੰਧੀ ਵਿਚਾਰ-ਵਟਾਂਦਰਾ ਚਲਦਾ ਰਹਿੰਦਾ ਸੀ।

1923 ਵਿੱਚ ਘਰ ਵਿੱਚ ਵੱਡਾ ਹੋਣ ਕਰਕੇ ਜਦੋਂ ਭਗਤ ਸਿੰਘ ਦੇ ਵਿਆਹ ਦੀ ਚਰਚਾ ਚੱਲੀ ਤਾਂ ਉਹ ਘਰ ਛੱਡ ਕਾਨਪੁਰ ਚਲੇ ਗਏ। ਕਾਨਪੁਰ ਵਿਖੇ ਭਗਤ ਸਿੰਘ ਦਾ ਮਿਲਾਪ ਬੁਟਕੇਸ਼ਵਰ ਦੱਤ, ਸ਼ਿਵ ਵਰਮਾ ਅਤੇ ਜੈ ਕਪੂਰ ਨਾਲ ਹੋਇਆ। 1924 ਵਿੱਚ ਭਗਤ ਸਿੰਘ ਮੁੜ ਲਾਹੌਰ ਆ ਗਏ। ਮਾਰਚ 1924 ਵਿੱਚ ਜੈਤੋਂ ਦਾ ਮੋਰਚਾ ਲੱਗਿਆ ਹੋਇਆ ਸੀ ਅਤੇ ਅੰਗਰੇਜ਼ ਸਰਕਾਰ ਨੇ ਐਲਾਨ ਕਰਕੇ ਜਥੇ ਨੂੰ ਪਾਣੀ ਪਿਲਾਉਣ ’ਤੇ ਵੀ ਰੋਕ ਲਾ ਦਿੱਤੀ ਸੀ। ਇਸ ਚੁਣੌਤੀ ਨੂੰ ਸਵੀਕਾਰਦੇ ਹੋਏ ਭਗਤ ਸਿੰਘ ਨੇ ਸ਼ਹੀਦੀ ਜਥੇ ਨੂੰ ਲੰਗਰ ਛਕਾਇਆ, ਜਿਸ ਦੀ ਵਜ੍ਹਾ ਕਰਕੇ ਭਗਤ ਸਿੰਘ ਦੇ ਵਾਰੰਟ ਵੀ ਨਿਕਲੇ।

1927 ਵਿੱਚ ਕਾਕੋਰੀ ਦੇ ਦੇਸ਼ ਭਗਤਾਂ ਨਾਲ ਜਾਣ-ਪਛਾਣ ਸਬੰਧੀ ਲੇਖ ‘ਕਿਰਤੀ’ ਰਸਾਲੇ ਵਿੱਚ ਛਪਣ ਮਗਰੋਂ ਭਗਤ ਸਿੰਘ ਦੀ ਪਹਿਲੀ ਗ੍ਰਿਫਤਾਰੀ ਹੋਈ, ਜਿਸਦੀ ਜ਼ਮਾਨਤ ਹੋ ਗਈ। 1928 ਵਿੱਚ ਸਾਈਮਨ ਕਮਿਸ਼ਨ ਦੇ ਵਿਰੋਧ ਵਿੱਚ ਲੋਕ ਲਹਿਰ ਉੱਠ ਖੜ੍ਹੀ ਹੋਈ। 17 ਨਵੰਬਰ, 1928 ਨੂੰ ਲਾਲਾ ਲਾਜਪਤ ਰਾਏ ਦੀ ਸ਼ਹਾਦਤ ਮਗਰੋਂ ਲੋਕਾਂ ’ਚ ਅੰਗਰੇਜ਼ ਸਰਕਾਰ ਦਾ ਡਰ ਵਧ ਗਿਆ ਅਤੇ ਦੇਸ਼ ਭਰ ’ਚ ਬੇਬਸੀ ਦੀ ਲਹਿਰ ਫੈਲ ਗਈ। ਭਗਤ ਸਿੰਘ ਨੇ 17 ਦਸੰਬਰ, 1928 ਨੂੰ ਸਾਂਡਰਸ ਨੂੰ ਮਾਰ ਕੇ ਲੋਕਾਂ ਦਾ ਮਾਨਸਿਕ ਡਰ ਤੋੜਿਆ। 8 ਅਪਰੈਲ, 1929 ਨੂੰ ਭਗਤ ਸਿੰਘ ਤੇ ਬੁਟਕੇਸ਼ਵਰ ਦੱਤ ਨੇ ਕਾਲੇ ਕਾਨੂੰਨਾਂ ਵਿਰੁੱਧ ਆਵਾਜ਼ ਬੁਲੰਦ ਕਰਨ ਲਈ ਦਿੱਲੀ ਅਸੈਂਬਲੀ ’ਚ ਬੰਬ ਸੁੱਟਿਆ, ਗ੍ਰਿਫਤਾਰੀ ਦਿੱਤੀ, ਅਦਾਲਤ ’ਚ ਡਟ ਕੇ ਬਿਆਨ ਦਿੱਤੇ ਤੇ ਆਜ਼ਾਦੀ ਸੰਘਰਸ਼ ਨੂੰ ਨਵੀਂ ਦਿਸ਼ਾ ਵੱਲ ਤੋਰ ਦਿੱਤਾ।

ਭਗਤ ਸਿੰਘ ਤੇ ਸਾਥੀਆਂ ਨੇ ਜੇਲ੍ਹ ਕੈਦੀਆਂ ਦੇ ਮੰਦੇ ਹਾਲ ਵਿਰੁੱਧ ਕੁੱਝ ਮੰਗਾਂ ਰੱਖ ਕੇ ਭੁੱਖ ਹੜਤਾਲ ਕੀਤੀ, ਜੋ ਜੂਨ ਤੋਂ 13 ਸਤੰਬਰ, 1929 ਤੱਕ ਚੱਲੀ। ਇਸ ਭੁੱਖ ਹੜਤਾਲ ਦੌਰਾਨ ਜਤਿੰਦਰ ਨਾਥ ਸ਼ਹੀਦ ਹੋ ਗਏ। ਇਸ ਸ਼ਹਾਦਤ ਮਗਰੋਂ ਕੈਦੀਆਂ ਦੀਆਂ ਮੰਗਾਂ ਮੰਨ ਲਈਆਂ ਗਈਆਂ ਤੇ ਰਾਜਸੀ ਕੈਦੀਆਂ ਨੂੰ ਕਿਤਾਬਾਂ ਪੜ੍ਹਨ, ਨੋਟਸ ਬਣਾਉਣ ਤੇ ਲਿਖਣ ਦਾ ਹੱਕ ਮਿਲਿਆ। ਇਸੇ ਕਾਰਨ ਭਗਤ ਸਿੰਘ ਜੇਲ੍ਹ ਜੀਵਨ ਦੌਰਾਨ ਬਹੁਤ ਕੁੱਝ ਪੜ੍ਹ ਅਤੇ ਲਿਖ ਸਕੇ। 7 ਅਕਤੂਬਰ, 1930 ਨੂੰ ਭਗਤ ਸਿੰਘ ਦਾ ਮੁਕੱਦਮਾ ਖ਼ਤਮ ਹੋਇਆ ਤੇ ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਭਗਤ ਸਿੰਘ ਨੇ ਆਪਣੀ ਫਾਂਸੀ ਤੋਂ ਇੱਕ ਦਿਨ ਪਹਿਲਾਂ ਲਿਖਿਆ ਸੀ, “ਦੇਸ਼ ਅਤੇ ਇਨਸਾਨੀਅਤ ਲਈ ਜੋ ਕੁੱਝ ਕਰਨ ਦੀਆਂ ਹਸਰਤਾਂ ਮੇਰੇ ਦਿਲ ਵਿੱਚ ਸਨ, ਉਨ੍ਹਾਂ ਦਾ ਹਜ਼ਾਰਵਾਂ ਹਿੱਸਾ ਵੀ ਮੈਂ ਪੂਰਾ ਨਹੀਂ ਕਰ ਸਕਿਆ।” 23 ਮਾਰਚ, 1931 ਨੂੰ ਭਗਤ ਸਿੰਘ ਤੇ ਉਸਦੇ ਦੋ ਹੋਰ ਸਾਥੀਆਂ ਸੁਖਦੇਵ ਤੇ ਰਾਜਗੁਰੂ ਨੂੰ ਫਾਂਸੀ ਲਾ ਕੇ ਸ਼ਹੀਦ ਕਰ ਦਿੱਤਾ ਗਿਆ।

ਸ਼ਹੀਦ ਭਗਤ ਸਿੰਘ, ਵੀਹਵੀਂ ਸਦੀ ਦਾ ਮਹਾਨ ਪੰਜਾਬੀ ਨਾਇਕ ਹੈ। ਉਸਦੀ ਇਸ ਮਹਾਨਤਾ ਦੇ ਪਿਛੋਕੜ ’ਚ ਕਈ ਪਹਿਲੂ ਹਨ ਪਰ ਸਭ ਤੋਂ ਮਹੱਤਵਪੂਰਨ ਹੈ, ਉਸ ’ਚ ਚਿੰਤਨ ਤੇ ਅਮਲ ਦਾ ਸੁਮੇਲ ਅਤੇ ਇਸ ਖਾਤਰ ਆਪਣੀ ਜਾਨ ਦੀ ਬਾਜ਼ੀ ਲਗਾ ਦੇਣੀ। ਉਸ ਦੀਆਂ ਇਨ੍ਹਾਂ ਵਿਲੱਖਣਤਾਵਾਂ ਕਾਰਨ ਹੀ ਉਸਦਾ ਪ੍ਰਭਾਵ, ਪੰਜਾਬ ਦੀ ਮਾਨਸਿਕਤਾ ਉੱਪਰ ਸਭ ਤੋਂ ਵਧੇਰੇ ਪਿਆ ਹੈ। ਨਾ ਸਿਰਫ਼ ਪ੍ਰਭਾਵ ਹੀ, ਸਗੋਂ ਅਜੋਕੀ ਪੰਜਾਬੀ ਮਾਨਸਿਕਤਾ ਘੜ੍ਹਨ ’ਚ ਵੀ ਉਸਦੀ ਮਹੱਤਵਪੂਰਨ ਭੂਮਿਕਾ ਹੈ।

ਸ਼ਹੀਦ ਭਗਤ ਸਿੰਘ ਸਿਰਫ਼ ਸ਼ਹੀਦ ਹੀ ਨਹੀਂ ਸੀ, ਉਹ ਇੱਕ ਚਿੰਤਕ, ਕਲਾ-ਪ੍ਰੇਮੀ, ਰਾਜਸੀ ਕਾਰਕੁੰਨ ਅਤੇ ਜੰਗਜੂ ਇਨਕਲਾਬੀ ਸੀ। ਆਓ! ਆਪਣੇ ਮਹਾਨ ਦਾਰਸ਼ਨਿਕ ਨਾਇਕ ਦੀ ਸੰਪੂਰਨ ਆਜ਼ਾਦੀ ਦੀ ਹਸਰਤ ਨੂੰ ਪੂਰਾ ਕਰਨ ਲਈ ਕਦਮ ਪੁੱਟੀਏ।



## ਲੁਧਿਆਣਾ ਵਿੱਚ ਡਿਜੀਟਲ ਸਿੱਖਿਆ ਪਹਿਲਕਦਮੀ

# ਸਕੂਲੀ ਵਿਦਿਆਰਥੀਆਂ ਨੂੰ ਲੈਪਟਾਪ ਵੰਡਣ ਦੀ ਕੀਤੀ ਸ਼ੁਰੂਆਤ

ਸੂਬੇ ਦੇ ਸਿੱਖਿਆ ਢਾਂਚੇ ਵਿੱਚ ਕ੍ਰਾਂਤੀਕਾਰੀ ਤਬਦੀਲੀ ਲਿਆਉਣ ਦੇ ਮੰਤਵ ਨਾਲ ਕੀਤੀ ਪਹਿਲਕਦਮੀ ਤਹਿਤ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਲੁਧਿਆਣਾ ਦੇ ਜ਼ਿਲ੍ਹਾ ਪ੍ਰਸ਼ਾਸਨ ਦੇ ਡਿਜੀਟਲ ਸਿੱਖਿਆ ਪ੍ਰੋਗਰਾਮ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਲੈਪਟਾਪ ਵੰਡਣ ਦੀ ਸ਼ੁਰੂਆਤ ਕੀਤੀ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਖ਼ੁਸ਼ੀ ਦੀ ਗੱਲ ਹੈ ਕਿ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਡਿਜੀਟਲ ਸਿੱਖਿਆ ਦੇ ਮਾਹੌਲ ਵਿੱਚ ਲਾਜ਼ਮੀ ਉਪਕਰਨਾਂ ਨਾਲ ਲੈਸ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਾਰੇ ਵਿਦਿਆਰਥੀਆਂ ਦੀ ਸੁਰੱਖਿਆ ਤੇ ਸਿੱਖਿਆ ਤੱਕ ਪਹੁੰਚ ਯਕੀਨੀ ਬਣਾਉਂਦਿਆਂ ਇਹ ਲੈਪਟਾਪ ਡਿਜੀਟਲ ਸਿੱਖਿਆ ਦੇ ਪਸਾਰ ਦੀਆਂ ਵਿਆਪਕ ਕੋਸ਼ਿਸ਼ਾਂ ਦਾ ਹਿੱਸਾ ਹਨ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਪਹਿਲਕਦਮੀ ਦੇ ਪਹਿਲੇ ਪੜਾਅ ਅਧੀਨ ਦਿੱਤੇ ਜਾ ਰਹੇ ਪ੍ਰਾਈਮ ਬੁੱਕ 4ਜੀ ਲੈਪਟਾਪ ਵਿਸ਼ਵ ਦੇ ਸਭ ਤੋਂ ਕਿਫ਼ਾਇਤੀ ਅਤੇ ਖ਼ਾਸ ਤੌਰ ਉਤੇ ਵਿਦਿਆਰਥੀਆਂ ਦੀਆਂ ਜ਼ਰੂਰਤਾਂ ਦੇ ਮੱਦੇਨਜ਼ਰ ਵਧੀਆ ਪ੍ਰਦਰਸ਼ਨ ਲਈ ਤਿਆਰ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਕਿਹਾ ਕਿ ਲੁਧਿਆਣਾ ਜ਼ਿਲ੍ਹੇ ਦੇ 14 ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਵੰਡੇ ਜਾ ਰਹੇ ਇਹ ਲੈਪਟਾਪ ਈ.ਆਈ., ਪੀ.ਏ.ਐਲ. ਮਾਈਂਡਸਪਾਰਕ ਸਾਫ਼ਟਵੇਅਰ ਮਾਡਿਊਲ ਨਾਲ ਲੈਸ ਹਨ, ਜੋ ਵਿਅਕਤੀਗਤ ਅਨੁਕੂਲ ਸਿਖਲਾਈ ਮੁਹੱਈਆ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਕ੍ਰਾਂਤੀਕਾਰੀ ਪ੍ਰਾਜੈਕਟ ਦਾ ਮੰਤਵ ਵਿਦਿਆਰਥੀਆਂ ਦੀ ਡਿਜੀਟਲ ਸਿੱਖਿਆ ਤੱਕ ਪਹੁੰਚ ਯਕੀਨੀ ਬਣਾਉਣਾ ਹੈ ਤਾਂ ਜੋ ਹਰੇਕ ਤਰ੍ਹਾਂ ਦੇ ਪਿਛੋਕੜ ਵਾਲੇ ਵਿਦਿਆਰਥੀਆਂ ਦੀ ਆਧੁਨਿਕ ਤਕਨਾਲੋਜੀ ਤੱਕ ਪਹੁੰਚ ਵਿੱਚ ਸੁਧਾਰ ਕੀਤਾ ਜਾ ਸਕੇ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਈ.ਆਈ., ਪੀ.ਏ.ਐਲ. ਮਾਈਂਡਸਪਾਰਕ ਤਕਨਾਲੋਜੀ ਵਿਦਿਆਰਥੀਆਂ ਦੀ ਏ.ਆਈ. ਤਕਨੀਕ ਤੱਕ ਪਹੁੰਚ ਦੇ ਨਾਲ—ਨਾਲ ਵਿਅਕਤੀਗਤ ਲੋੜਾਂ ਮੁਤਾਬਕ ਸਿੱਖਿਆ ਉਤੇ ਜ਼ੋਰ ਦਿੰਦੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਲੈਪਟਾਪ ਕਿਫ਼ਾਇਤੀ ਤੇ ਟਿਕਾਊ ਹੋਣ ਦੇ ਨਾਲ—ਨਾਲ ਸੁਰੱਖਿਅਤ ਅਪਰੇਟਿੰਗ ਸਿਸਟਮ, ਕੰਟਰੋਲਡ ਪਹੁੰਚ ਅਤੇ ਡੇਟਾ ਇਨਕ੍ਰਿਪਸ਼ਨ ਵਰਗੇ ਆਧੁਨਿਕ ਡਿਜੀਟਲ ਸੁਰੱਖਿਆ ਮਾਪਦੰਡਾਂ ਨਾਲ ਲੈਸ ਹਨ, ਜਿਸ ਨਾਲ ਅਧਿਆਪਨ ਤਜਰਬਾ ਸੁਰੱਖਿਅਤ ਤੇ ਸੁਚਾਰੂ ਹੋਣਾ ਯਕੀਨੀ ਬਣੇਗਾ। ਉਨ੍ਹਾਂ ਇਸ ਪ੍ਰੋਗਰਾਮ ਦੀ ਸਫ਼ਲਤਾ ਲਈ ਪ੍ਰਸ਼ਾਸਨ ਨੂੰ ਮੁਬਾਰਕਬਾਦ ਦਿੱਤੀ। ਭਗਵੰਤ ਸਿੰਘ ਮਾਨ ਨੇ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਕਾਨਵੈਂਟ ਸਕੂਲਾਂ ਦੇ ਵਿਦਿਆਰਥੀਆਂ ਦਾ ਮੁਕਾਬਲਾ ਕਰਨ ਦੇ ਯੋਗ ਬਣਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਕਿਹਾ ਕਿ ਇਸ ਲਈ ਹਰ ਹਰਬਾ ਵਰਤਿਆ ਜਾਵੇਗਾ।

ਇਸ ਦੌਰਾਨ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਨੇ ਕਿਹਾ ਕਿ ਇਹ ਪਹਿਲਕਦਮੀ ਵਿਦਿਅਕ ਨਤੀਜਿਆਂ ਵਿੱਚ ਸੁਧਾਰ ਲਿਆਉਣ ਲਈ ਇਕ ਤਜਰਬੇ ਦੇ ਮਾਡਲ ਉਤੇ ਆਧਾਰਤ ਹੈ, ਜਿਸ ਤਹਿਤ ਕਿਫ਼ਾਇਤੀ ਤੇ ਉੱਚ ਸਪੈਸੀਫਿਕੇਸ਼ਨਾਂ ਵਾਲੇ ਲੈਪਟਾਪ ਦਿੱਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਵਿਦਿਆਰਥੀਆਂ ਨੂੰ ਡਿਜੀਟਲ ਹੁਨਰ ਤੇ ਗਿਆਨ ਮੁਹੱਈਆ ਕਰੇਗਾ ਅਤੇ ਸਿਖਿਆਰਥੀਆਂ ਨੂੰ ਅਧਿਆਪਨ ਜੁਗਤਾਂ ਵਿੱਚ ਡਿਜੀਟਲ ਸਰੋਤਾਂ ਦੇ ਰਲੇਵੇਂ ਦਾ ਮੌਕਾ ਦੇਵੇਗਾ।



# ਸਾਂਝੇ ਭਾਈਚਾਰੇ ਦਾ ਪ੍ਰਤੀਕ ਹੋਲੀ ਦਾ ਤਿਉਹਾਰ

ਸਾਡੇ ਦੇਸ਼ ਵਿਚ ਹੋਲੀ ਦਾ ਤਿਉਹਾਰ ਆਪਣੀ ਇਕ ਖਾਸ ਮਹੱਤਤਾ ਰੱਖਦਾ ਹੈ ਵੈਸੇ ਤਾਂ ਸਾਰੇ ਤਿਉਹਾਰਾਂ ਦੀ ਆਪਣੀ ਖਾਸ ਮਹੱਤਤਾ ਹੈ ਪਰ ਹੋਲੀ ਕੁਝ ਖ਼ਾਸ ਅੰਦਾਜ਼ ਵਿੱਚ ਬੜੇ ਚਾਵਾਂ ਤੇ ਰੀਝਾਂ ਨਾਲ ਮਨਾਈ ਜਾਂਦੀ ਹੈ।ਇਸ ਤਿਉਹਾਰ ਤੇ ਲੋਕ ਪੁਰਾਣੇ ਗਿਲੇ- ਸ਼ਿਕਵੇ ਭੁਲਾ ਕੇ ਇਕ ਦੂਜੇ ਨੂੰ ਗਲੇ ਮਿਲਦੇ ਹਨ ਮਨਾਂ ਵਿਚ ਪਈਆਂ ਤਰੇੜਾਂ ਮਿਟਾ ਕੇ ਨਵੇਂ ਸਿਰੇ ਤੋਂ ਆਪਣੇ ਸਬੰਧਾਂ ਦੀ ਸ਼ੁਰੂਆਤ ਕਰਦੇ ਹਨ ਤੇ ਇੱਕ ਦੂਜੇ ਤੇ ਰੰਗ ਲਗਾ ਕੇ ਖ਼ੁਸ਼ੀਆਂ ਮਨਾਉਂਦੇ ਹਨ। ਇਹ ਤਿਉਹਾਰ ਆਪਸੀ ਪ੍ਰੇਮ- ਪਿਆਰ ਤੇ ਸਾਂਝੇ ਭਾਈਚਾਰੇ ਦਾ ਪ੍ਰਤੀਕ ਹੈ। ਹੋਲੀ ਬਸੰਤ ਰੁੱਤ ਦਾ ਤਿਉਹਾਰ ਹੈ। ਇਸ ਰੁੱਤ ਵਿੱਚ ਚਾਰੇ ਪਾਸੇ ਹਰਿਆਲੀ ਤੇ ਖੇੜਾ ਨਜ਼ਰ ਆਉਂਦਾ ਹੈ ਬੂਟਿਆਂ 'ਤੇ ਫੁੱਲਾਂ ਨਾਲ ਜੋਬਨ ਪਰਤ ਆਉਂਦਾ ਹੈ। ਇਸ ਰੁੱਤ ਨੂੰ ਬੜੀ ਸਕਾਰਾਤਮਕ ਰੁੱਤ ਮੰਨਿਆ ਜਾਂਦਾ ਹੈ।ਹੋਲੀ ਫੱਗਣ ਮਹੀਨੇ ਦੀ ਪੂਰਨਮਾਸ਼ੀ ਨੂੰ ਮਨਾਈ ਜਾਂਦੀ ਹੈ ਇਹ ਤਿਉਹਾਰ ਦੋ ਦਿਨ ਮਨਾਇਆ ਜਾਂਦਾ ਹੈ ਪਹਿਲੇ ਦਿਨ ਹੋਲਿਕਾ ਜਲਾਈ ਜਾਂਦੀ ਹੈ ਤੇ ਦੂਜੇ ਦਿਨ ਇੱਕ ਦੂਜੇ ਨਾਲ ਰੰਗਾਂ ਨਾਲ ਖੇਡਦੇ ਹੋਏ ਮਨਾਇਆ ਜਾਂਦਾ ਹੈ ਦੋਨੋਂ ਦਿਨ ਲੋਕ ਹੋਲੀ ਦੇ ਗੀਤ ਗਾਉਂਦੇ ਢੋਲ ਵਜਾਉਂਦੇ ਤੇ ਨੱਚਦੇ ਟੱਪਦੇ ਹਨ ਤੇ ਇੱਕ ਦੂਜੇ ਤੇ ਘਰ ਮਠਿਆਈਆਂ ਵੰਡਦੇ ਹਨ ।ਇਹ ਤਿਉਹਾਰ ਬਸੰਤ ਪੰਚਮੀ ਦੇ ਆਗਮਨ ਨਾਲ ਹੀ ਸ਼ੁਰੂ ਹੋ ਜਾਂਦਾ ਹੈ।ਇਸ ਤਿਉਹਾਰ ਤੇ ਬੱਚੇ,ਬੁੱਢੇ, ਨੌਜਵਾਨ ਸਭ ਨੱਚਦੇ- ਟੱਪਦੇ ਤੇ ਇੱਕ ਦੂਜੇ ਨੂੰ ਰੰਗ ਲਾਉਂਦੇ ਹਨ।ਹੋਲੀ ਅਜਿਹਾ ਤਿਉਹਾਰ ਹੈ ਜਿਸ ਦਾ ਨਾਂ ਸੁਣਦਿਆਂ ਹੀ ਸਭ ਦੇ ਮਨ ਖ਼ੁਸ਼ੀਆਂ ਖੇੜਿਆਂ ਨਾਲ ਭਰ ਜਾਂਦੇ ਹਨ।ਇਸ ਤਿਉਹਾਰ ਨੂੰ ਮਨਾਉਣ ਦੇ ਨਾਲ ਕਈ ਮਿਥਿਹਾਸਕ ਤੇ ਇਤਿਹਾਸਕ ਘਟਨਾਵਾਂ ਜੁੜੀਆਂ ਹੋਈਆਂ ਹਨ ਜਿਨ੍ਹਾਂ ਦੇ ਬਾਰੇ ਸਾਨੂੰ ਧਾਰਮਕ ਗ੍ਰੰਥਾਂ ਤੋਂ ਪਤਾ ਚੱਲਦਾ ਹੈ।

ਮਿਥਿਹਾਸ ਅਨੁਸਾਰ ਪ੍ਰਹਿਲਾਦ ਦਾ ਪਿਤਾ ਹਰਨਾਖਸ਼ ਇਕ ਰਾਜਾ ਸੀ ਜੋ ਆਪਣੇ ਆਪ ਨੂੰ ਭਗਵਾਨ ਮੰਨਦਾ ਸੀ। ਉਹ ਆਪਣੇ ਰਾਜ ਵਿੱਚ ਕਿਸੇ ਨੂੰ ਵੀ ਈਸ਼ਵਰ ਦੀ ਭਗਤੀ ਨਹੀਂ ਕਰਨ ਦਿੰਦਾ ਸੀ ਕਿਉਂਕਿ ਉਸ ਨੂੰ ਬ੍ਰਹਮਾ ਤੋਂ ਵਰ ਪ੍ਰਾਪਤ ਸੀ ਕਿ ਉਹ ਨਾ ਦਿਨੇ ਮਰੇਗਾ, ਨਾ ਉਹ ਰਾਤ ਨੂੰ ਮਰੇਗਾ ਨਾ ਅੰਦਰ ਮਰੇਗਾ,ਨਾ ਬਾਹਰ ਮਰੇਗਾ ਨਾ ਕਿਸੇ ਜਾਨਵਰ ਤੋਂ ਮਰੇਗਾ ਤੇ ਨਾ ਕਿਸੇ ਇਨਸਾਨ ਤੋਂ ਜਿਸ ਕਾਰਨ ਉਸ ਨੇ ਸਭ ਮੰਦਰ ਬੰਦ ਕਰਵਾ ਦਿੱਤੇ ਤਾਂ ਜੋ ਉਸ ਦੀ ਪਰਜਾ ਉਸ ਦੀ ਭਗਤੀ ਕਰੇ।ਪਰ ਪ੍ਰਹਲਾਦ ਭਗਵਾਨ ਨਾਰਾਇਣ ਨੂੰ ਮੰਨਦਾ ਸੀ ਤੇ ਉਸ ਦੀ ਪੂਜਾ ਕਰਦਾ ਸੀ।ਉਸ ਨੇ ਆਪਣੇ ਪਿਤਾ ਨੂੰ ਭਗਵਾਨ ਮੰਨਣ ਤੋਂ ਇਨਕਾਰ ਕਰ ਦਿੱਤਾ ਤਾਂ ਗੁੱਸੇ ਵਿਚ ਆ ਕੇ ਉਸਦੇ ਪਿਤਾ ਨੇ ਪ੍ਰਹਿਲਾਦ ਨੂੰ ਕਾਲ- ਕੋਠੜੀ ਵਿਚ ਕੈਦ ਕਰਵਾਇਆ ਉਸ ਨੂੰ ਪਹਾੜ ਤੋਂ ਥੱਲੇ ਸੁੱਟਿਆ ਪਰ ਉਹ ਉਸ ਦਾ ਕੁਝ ਵੀ ਨਾ ਵਿਗਾੜ ਸਕਿਆ। ਅਖ਼ੀਰ ਤੰਗ ਆ ਕੇ ਉਸ ਨੇ ਆਪਣੀ ਭੈਣ ਹੋਲਿਕਾ ਜਿਸਨੂੰ ਵਰਦਾਨ ਪ੍ਰਾਪਤ ਸੀ ਕਿ ਉਹ ਸੜ ਨਹੀਂ ਸਕਦੀ ਉਹ ਪ੍ਰਹਿਲਾਦ ਨੂੰ ਗੋਦੀ ਵਿੱਚ ਲੈ ਕੇ ਅੱਗ ਵਿੱਚ ਬੈਠ ਗਈ ਪਰ ਪ੍ਰਹਿਲਾਦ ਨੂੰ ਤਾਂ ਕੁਝ ਨਾ ਹੋਇਆ ਹੋਲਿਕਾ ਸੜ ਕੇ ਸੁਆਹ ਹੋ ਗਈ।ਉਸ ਦਿਨ ਤੋਂ ਇਹ ਤਿਉਹਾਰ ਖ਼ੁਸ਼ੀਆਂ ਨਾਲ ਮਨਾਇਆ ਜਾਂਦਾ ਹੈ ਹੋਲੀ ਤੋਂ ਅਗਲੇ ਦਿਨ ਪੰਜਾਬ ਵਿੱਚ ਸ੍ਰੀ ਆਨੰਦਪੁਰ ਸਾਹਿਬ ਵਿਖੇ ਹੋਲਾ ਮਹੱਲਾ ਮਨਾਇਆ ਜਾਂਦਾ ਹੈ ਜਿੱਥੇ ਦੇਸ਼ ਵਿਦੇਸ਼ ਤੋਂ ਹੋਲੇ ਮਹੱਲੇ ਮੌਕੇ ਸੰਗਤਾਂ ਪੁੱਜਦੀਆਂ ਹਨ।ਤਿੰਨ ਦਿਨ ਸ੍ਰੀ ਆਨੰਦਪੁਰ ਸਾਹਿਬ ਵਿਖੇ ਸਮਾਗਮ ਹੁੰਦੇ ਹਨ।

ਨਿਹੰਗ ਸਿੰਘਾਂ ਦੇ ਜਥੇ ਵਿਸ਼ੇਸ਼ ਤੌਰ ਤੇ ਆਪਣੇ ਹਾਥੀ ਘੋੜਿਆਂ ਨਾਲ ਸ੍ਰੀ ਅਨੰਦਪੁਰ ਸਾਹਿਬ ਪਹੁੰਚਦੇ ਹਨ। ਹੋਲੇ ਮਹੱਲੇ ਦੀ ਸ਼ੁਰੂਆਤ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਕੀਤੀ ਗਈ।ਇਸ ਮੌਕੇ ਨਿਹੰਗ ਸਿੰਘਾਂ ਵੱਲੋਂ ਆਪਣੇ ਸ਼ਸ਼ਤਰਾ ਨਾਲ ਕਈ ਕਰਤੱਬ ਦਿਖਾਏ ਜਾਂਦੇ ਹਨ ਸ਼ਾਮ ਵੇਲੇ ਨਗਰ ਕੀਰਤਨ ਨਿਕਲਦਾ ਹੈ ਪੂਰਾ ਆਨੰਦਪੁਰ ਗੁਲਾਲ ਨਾਲ ਭਰ ਜਾਂਦਾ ਹੈ ਇੱਕ ਦੂਜੇ ਤੇ ਗੁਲਾਲ ਬਰਸਾਉਂਦੇ ਹਨ।ਪਰ ਹੁਣ ਕਈ ਲੋਕ ਰੰਗਾਂ ਦੇ ਬਦਲੇ ਕਈ ਕੈਮੀਕਲ ਵਾਲੀਆਂ ਚੀਜ਼ਾਂ ਜਿਵੇਂ ਵਾਰਨਿਸ਼ ਕਾਲਾ ਰੰਗ ਆਦਿ ਇਕ ਦੂਜੇ ਤੇ ਲਗਾਉਣ ਲੱਗੇ ਹਨ ਜੋ ਕਿ ਚਮੜੀ ਲਈ ਤੇ ਅੱਖਾਂ ਲਈ ਨੁਕਸਾਨਦਾਇਕ ਸਾਬਤ ਹੁੰਦੇ ਹਨ ਇਨ੍ਹਾਂ ਕੈਮੀਕਲ ਰੰਗਾਂ ਨਾਲ ਕਈ ਪਰ ਅੱਖਾਂ ਦੀ ਰੋਸ਼ਨੀ ਵੀ ਚਲੀ ਜਾਂਦੀ ਹੈ।ਪਾਣੀ ਵਾਲੇ ਰੰਗਾਂ ਨਾਲ ਪਾਣੀ ਦੀ ਦੁਰਵਰਤੋਂ ਕੀਤੀ ਜਾਂਦੀ ਹੈ ਜਿਸ ਨਾਲ ਅਸੀਂ ਪਾਣੀ ਦਾ ਬਹੁਤ ਨੁਕਸਾਨ ਕਰਦੇ ਹਾਂ। ਪਾਣੀ ਦੀ ਇਕ ਇਕ ਬੂੰਦ ਕੀਮਤੀ ਹੈ ਸਾਨੂੰ ਅਜਿਹਾ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਹੈ ਕਈ ਵਾਰ ਅਜਿਹੇ ਕੰਮਾਂ ਨਾਲ ਲੜਾਈ ਝਗੜੇ ਵੀ ਹੋ ਜਾਂਦੇ ਹਨ ਜਿਸ ਨਾਲ ਰੰਗਾਂ ਦੇ ਤਿਉਹਾਰ ਤੇ ਰੰਗ ਵਿਚ ਭੰਗ ਪੈ ਜਾਂਦਾ ਹੈ। ਸਾਨੂੰ ਇਸ ਰੰਗਾਂ ਦੇ ਤਿਉਹਾਰ ਨੂੰ ਆਪਸੀ ਪਿਆਰ ਸਾਂਝੇ ਭਾਈਚਾਰੇ ਦੇ ਪ੍ਰਤੀਕ ਵਜੋਂ ਖ਼ੁਸ਼ੀਆਂ ਨਾਲ ਮਨਾਉਣਾ ਚਾਹੀਦਾ ਹੈ ਤਾਂ ਜੋ ਅਸੀਂ ਇੱਕ ਸੁਚੱਜੇ ਨਾਗਰਿਕ ਹੋਣ ਦਾ ਪ੍ਰਤੀਕ ਬਣ ਸਕੀਏ।

**ਚਰਨਜੀਤ ਕੌਰ**
**9888785390**

# ਨਵ-ਨਿਯੁਕਤ ਨੌਜਵਾਨਾਂ ਵੱਲੋਂ ਭਵਿੱਖ ਰੁਸ਼ਨਾਉਣ ਲਈ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ










ਸੂਬੇ ਦੇ ਨਵ-ਨਿਯੁਕਤ ਨੌਜਵਾਨਾਂ, ਜਿਨ੍ਹਾਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਨਿਯੁਕਤੀ ਪੱਤਰ ਦਿੱਤੇ ਗਏ ਹਨ, ਨੇ ਸੂਬਾ ਸਰਕਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ।

ਨਵ-ਨਿਯੁਕਤ ਨੌਜਵਾਨਾਂ ਨੇ ਦੱਸਿਆ ਕਿ ਇਹ ਨੌਕਰੀਆਂ ਉਨ੍ਹਾਂ ਨੂੰ ਨਿਰੋਲ ਮੈਰਿਟ ਦੇ ਆਧਾਰ `ਤੇ ਦਿੱਤੀਆਂ ਗਈਆਂ ਹਨ, ਜਿਸ ਨਾਲ ਉਨ੍ਹਾਂ ਦਾ ਭਵਿੱਖ ਉਜਵਲ ਹੋ ਗਿਆ ਹੈ।

ਸੁਖਪ੍ਰੀਤ ਸਿੰਘ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਮੁੱਖ ਮੰਤਰੀ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਅਤੇ ਉਸ ਦੀ ਪਤਨੀ ਹਰਪ੍ਰੀਤ ਕੌਰ ਸਹਾਇਕ ਪ੍ਰੋਫੈਸਰ ਵਜੋਂ ਨੌਕਰੀ ਮਿਲਣ ਉਪਰੰਤ ਵਿਦੇਸ਼ ਤੋਂ ਵਾਪਸ ਆਏ ਹਨ। ਉਸ ਨੇ ਸੂਬੇ ਦੇ ਨੌਜਵਾਨਾਂ ਨੂੰ ਸਲਾਹ ਦਿੱਤੀ ਕਿ ਹੁਣ ਨੌਕਰੀ ਲੈਣ ਲਈ ਵਿਦੇਸ਼ ਜਾਣ ਦੀ ਲੋੜ ਨਹੀਂ ਹੈ, ਸਗੋਂ ਸਖ਼ਤ ਮਿਹਨਤ ਕਰਕੇ ਆਪਣੇ ਦੇਸ਼ ਵਿੱਚ ਹੀ ਨੌਕਰੀ ਲਈ ਜਾ ਸਕਦੀ ਹੈ ਕਿਉਂਕਿ ਮੁੱਖ ਮੰਤਰੀ ਦੀ ਅਗਵਾਈ ਵਾਲੀ ਸੂਬਾ ਸਰਕਾਰ ਨੌਜਵਾਨਾਂ ਨੂੰ ਨੌਕਰੀਆਂ ਦੇਣ ਦੇ ਅਨੇਕਾਂ ਮੌਕੇ ਪ੍ਰਦਾਨ ਕਰ ਰਹੀ ਹੈ।

ਇਸੇ ਤਰ੍ਹਾਂ ਡਾ. ਅਲਕਾ ਕਲਿਆਣ ਨੇ ਕਿਹਾ ਕਿ ਉਸ ਲਈ ਇਹ ਬਹੁਤ ਮਾਣ ਅਤੇ ਸੰਤੁਸ਼ਟੀ ਵਾਲੀ ਗੱਲ ਹੈ ਕਿ ਉਸ ਨੂੰ ਇਹ ਨੌਕਰੀ ਨਿਰੋਲ ਯੋਗਤਾ ਦੇ ਆਧਾਰ `ਤੇ ਮਿਲੀ ਹੈ। ਉਸ ਨੇ ਕਿਹਾ ਕਿ 1158 ਸਹਾਇਕ ਪ੍ਰੋਫੈਸਰਾਂ ਨੂੰ ਸੂਬਾ ਸਰਕਾਰ ਵੱਲੋਂ ਪੂਰਾ ਸਹਿਯੋਗ ਦਿੱਤਾ ਗਿਆ ਹੈ। ਉਸ ਨੇ ਦੱਸਿਆ ਕਿ 30 ਸਾਲਾਂ ਬਾਅਦ ਸੂਬੇ ਦੇ ਕਾਲਜਾਂ ਵਿੱਚ ਪ੍ਰੋਫੈਸਰ ਤਾਇਨਾਤ ਕੀਤੇ ਗਏ ਹਨ ਅਤੇ ਚੋਣ ਨਿਰੋਲ ਯੋਗਤਾ ਦੇ ਆਧਾਰ `ਤੇ ਕੀਤੀ ਗਈ ਹੈ। ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਦੇ ਰੰਗਲਾ ਪੰਜਾਬ ਮਿਸ਼ਨ ਨੂੰ ਸਾਕਾਰ ਕਰਨ ਵਿੱਚ ਆਪਣਾ ਯੋਗਦਾਨ ਦੇਵੇਗੀ।

ਫ਼ਤਿਹਜੀਤ ਸਿੰਘ ਨੇ ਕਿਹਾ ਕਿ ਉਸ ਨੂੰ ਪੇਂਡੂ ਵਿਕਾਸ ਵਿਭਾਗ ਵਿੱਚ ਜੇ.ਈ. ਵਜੋਂ ਚੁਣਿਆ ਗਿਆ ਹੈ, ਜਿਸ ਲਈ ਉਸ ਨੇ ਮੁੱਖ ਮੰਤਰੀ ਦਾ ਤਹਿ ਦਿਲੋਂ ਧੰਨਵਾਦ ਕੀਤਾ। ਉਸ ਨੇ ਕਿਹਾ ਕਿ ਉਹ ਵਿਦੇਸ਼ ਜਾਣਾ ਚਾਹੁੰਦਾ ਸੀ ਪਰ ਵਿਭਾਗ ਵੱਲੋਂ ਨੌਕਰੀ ਮਿਲਣ ਉਪਰੰਤ ਉਸ ਨੇ ਇਹ ਵਿਚਾਰ ਟਾਲ ਦਿੱਤਾ।

ਜੇ.ਈ. ਵਜੋਂ ਚੁਣੇ ਗਏ ਕੁਲਜਿੰਦਰ ਧੀਮਾਨ ਨੇ ਕਿਹਾ ਕਿ ਉਹ ਇਹ ਮੌਕਾ ਦੇਣ ਲਈ ਮੁੱਖ ਮੰਤਰੀ ਦਾ ਰਿਣੀ ਹੈ। ਉਸ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਉਸ ਨੂੰ ਸੂਬੇ ਦੀ ਤਰੱਕੀ ਵਿੱਚ ਸਰਗਰਮ ਭਾਈਵਾਲ ਬਣਨ ਦਾ ਮੌਕਾ ਦਿੱਤਾ ਗਿਆ ਹੈ।

# ਪੰਜਾਬੀ ਮਾਂ ਬੋਲੀ 'ਚ ਲਿਖਣਾ

ਹਰਿੰਦਰ ਪਾਲ ਸਿੰਘ

ਹਰ ਬੋਲੀ 'ਚ ਲਿਖਣ ਲਈ ਸ਼ਬਦਾ ਦੇ ਇਸਤੇਮਾਲ ਲਈ ਕਈ ਵਿਧਾਵਾ ਹੁੰਦੀਆਂ ਹਨ ਜਿਨ੍ਹਾਂ ਨੂੰ ਕਾਗ਼ਜ਼ਾ 'ਤੇ ਉਤਾਰਦੇ ਹਾਂ ਜਿਵੇ ਨਾਵਲ,ਨਾਟਕ,ਕਿੱਸੇ-ਕਹਾਣੀ ਤੇ ਕਾਵਿ ਰੁਪ ਆਦਿ, ਪਰ ਕਾਵਿ ਰੁਪੀ ਰਚਨਾਵਾਂ ਜਿਸ 'ਚ ਥੋਹੜੇ ਅਲਫ਼ਾਜ਼ ਵਰਤਿਆ ਗਹਿਰਾਈ ਤੇ ਭਾਵਨਾਵਾਂ ਭਰਪੂਰ ਤਰੀਕੇ ਨਾਲ ਆਪਣੀ ਗਲ ਕਹੀ ਜਾਂਦੀ ਹੈ। ਜਿਆਦਾਤਰ ਲੇਖਕਾਂ ਦੇ ਲਿਖਣ ਦੀ ਸ਼ੁਰੂਆਤ ਕਾਵਿਕ ਵਿਧਾ ਨਾਲ ਹੁੰਦੀ ਦੇਖੀ ਗਈ ਹੈ। ਏਥੇ ਆਪਾ ਪੰਜਾਬੀ ਮਾਂ ਬੋਲੀ 'ਚ ਕਾਵਿ ਰਚਨਾਵਾਂ ਲਿਖਣ ਬਾਰੇ ਕੁਝ ਚਰਚਾ ਕਰਾਂਗੇ। ਸ਼ਬਦ ਅਤੇ ਵਾਕ ਦੇ ਜਿਥੇ ਖ਼ਾਸ ਅਰਥ ਵਰਤੇ ਹੋਣ ਉਹ ਮੁਹਾਵਰਾ ਕਹਾਉਂਦਾ ਏ। ਲੇਕਿਨ ਕਾਵਿਕ ਵਿੱਚ ਖਿਆਲ, ਭਾਵ, ਦ੍ਰਿਸ਼, ਅਕਾਰ ਤੇ ਧੁਨ ਦੀ ਤਾਕਤ ਇਕੱਠੀ ਹੋਈ ਹੁੰਦੀ ਹੈ। ਜਿਸ ਬੋਲੀ 'ਚ ਬਹੁਤ ਚੰਗਾ ਲਿਖਣਾ ਹੋਵੇ ਉਸ ਬੋਲੀ 'ਚ ਸੋਚਣਾ ਲਾਜ਼ਮੀ ਹੁੰਦਾ ਹੈ ਨਹੀਂ ਤਾਂ ਕਾਵਿਕ ਰਚਨਾ ਸਿਰਜਣ ਵੇਲੇ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਜਿਸ ਬਾਰੇ ਲਿਖਣ ਵਾਲੇ ਭਲੀ ਭਾਂਤੀ ਜਾਣਦੇ ਹੋਣਗੇ। ਜਿਹੜੀ ਭਾਸ਼ਾ ਬੱਚੇ ਦੀ ਮਾਂ ਬੋਲਦੀ ਹੈ, ਕੰਨਾਂ ਦੁਆਰਾ ਸਰਵਣ ਕਰਦੇ ਰਹਿਣ ਕਾਰਨ ਉਹੀ ਬੱਚੇ ਦੀ ਮਾਤ-ਭਾਸ਼ਾ ਬਣ ਜਾਂਦੀ ਹੈ। ਜੇ ਆਦਮ-ਜਾਤ ਜੀਵਨ ਭਰ ਮਾਂ ਅਤੇ ਮਾਂ ਬੋਲੀ ਨੂੰ ਭੁਲਦਾ ਨਹੀਂ ਜਿਸ ਆਸਰੇ ਸਮਾਜਿਕ ਤਰਕੀਆਂ ਦੀਆਂ ਬੁਲੰਦੀ ਛੋਹਦਾ ਏ।

ਪੰਜਾਬੀ ਸਾਡੀ ਮਾਂ ਬੋਲੀ ਹੋਣ ਕਰਕੇ ਅੱਖਰੀ ਭਰਪੂਰ ਖ਼ਜ਼ਾਨਾ ਸਾਡੇ ਕੋਲ ਹੈ। ਪਹਿਲਾਂ ਸੋਚ ਦਾ ਗਹਿਰਾਈ ਨਾਲ ਚਲਣਾ ਫਿਰ ਲਿਖਣਾ ਅੰਨਦਿਤ ਕਰਦਾ ਹੈ ਲੇਖਕ ਪਹਿਲਾਂ ਖੁਦ ਉਸ ਵਿਸਮਾਦ ਤੋਂ ਗੁਜ਼ਰਦਾ ਹੈ ਫੇਰ ਪੜ੍ਹਨ ਵਾਲੇ ਪਾਠਕ ਦੀ ਵਾਰੀ ਪੜ੍ਹਿਆ ਆਉਂਦੀ ਏ। ਲਿਖਣ ਦਾ ਅੰਨਦ ਖ਼ਾਧੇ ਗੁੜ ਦਾ ਸੁਆਦ ਦਸਣ ਵਾਲੀ ਗਲ ਹੋ ਨਿਬੜਦਾ ਹੈ। ਪੜ੍ਹਿਆ, ਸੁਣਿਆ, ਅੰਦਰੋਂ ਫੁੱਟਦਾ ਦੂਜਿਆਂ ਤੱਕ ਪਹੁੰਚਣਾ ਬਿਨਾਂ ਲਿਖਿਆਂ ਬੋਲਿਆਂ ਮੁਮਕਿਨ ਕਿਵੇਂ ਹੋ ਸਕਦਾ ਹੈ। ਸ਼ਰੀਰ ਅੰਦਰੋਂ ਵਿਚਾਰ ਕਢਣੇ ਜਣੇਪੇ ਵਰਗੀ ਪੀੜਾਂ ਸਹਿਣ ਬਰਾਬਰ ਹੁੰਦਾ ਹੈ ਤਾਂਹੀਓ ਪੰਜਾਬੀ ਮਾਂ ਬੋਲੀ ਦਾ ਸਿਰਮੌਰ ਕਵੀ ਸ਼ਿਵ ਪੀੜਾਂ ਦਾ ਪਰਾਗਾ ਭੁੰਨਣ ਦੀਆਂ ਬਾਤਾਂ ਕਵਿਤਾ 'ਚ ਪਾਉਂਦਾ ਪੜ੍ਹਦੇ ਹਾਂ।

ਪੰਜਾਬੀ ਬੋਲੀ ਦੀ ਪੈਂਤੀ ਅੱਖਰੀ ਪੂਰਾ ਖ਼ਜ਼ਾਨਾ ਹੋਣ ਕਰਕੇ ਸ਼ਬਦੀ ਚੋਣ ਕਰਨਾ ਸੁਖ਼ਾਲਾ ਹੈ ਪੰਜਾਬੀ ਸ਼ਬਦਾ ਦਾ ਗਿਆਨ ਸਹਿਜ ਸੁਖਾਵਾਂ ਪ੍ਰਤੀਤ ਹੁੰਦਾ ਪੰਜਾਬੀ ਬੋਲੀ 'ਦਰ ਹਰ ਪ੍ਰਕਾਰ ਦੇ ਸਭਿਆਚਾਰਕ ਸ਼ਬਦ ਮੌਜੂਦ ਹੈਨ ਇਸ ਲਈ ਥੋੜ੍ਹੀ ਬਹੁਤ ਖੋਜਬੀਨ ਅਤੇ ਵਿਚਾਰਨ ਤੋਂ ਬਾਅਦ ਢੁਕਵਾਂ ਅੱਖਰ ਮਿਲ ਪੈਂਦਾ ਹੈ। ਬੋਲਾਂ ਨੂੰ ਸਦੀਵੀ ਸੰਭਾਲਣ ਲਈ ਲਿਖਣ ਦੀ ਪ੍ਰਕਿਰਿਆ ਕਰਨੀ ਜਰੂਰੀ ਹੋ ਜਾਂਦੀ ਹੈ। ਕਾਵਿਧਾਰਾ ਚਲਦਿਆਂ ਬੜੀ ਸਾਵਧਾਨੀ ਵਰਤਣੀ ਚਾਹੀਦੀ ਏ ਕਿਉ ਕੇ ਪਾਣੀ ਦੀ ਧਾਰਾ ਵਾਗ ਵਿਚਾਰਧਾਰਾ ਵੀ ਮੁੜ ਸੁਰਜੀਤ ਕਰਨੀ ਤਕਲੀਫ਼ ਦਾਇਕ ਹੁੰਦੀ ਏ। ਕਾਵਿ ਰਚਨਾਵਾਂ 'ਚ ਜਿੰਨੇ ਕੰਜੂਸ ਹੋਵੇਗੇ ਭਾਵ ਘੱਟ ਤੋਂ ਘੱਟ ਸ਼ਬਦਾ ਦਾ ਇਸਤੇਮਾਲ ਕਰੋਗੇ ਔਨੀ ਕਵਿਤਾ ਦੀ ਗੁਣਵੱਤਾ ਤੇ ਤੁਹਾਡੀ ਕਾਬਲੀਅਤ 'ਚ ਨਿਖਾਰ ਲਿਆਉਂਦੀ ਹੈ ਅਤੇ

ਕੁੱਜੇ ਵਿੱਚ ਸਮੁੰਦਰ ਬੰਦ ਕਰਨਾ ' ਪੰਜਾਬੀ ਮਾਂ ਬੋਲੀ ਦਾ ਮੁਹਾਵਰਾ ਪ੍ਰੋੜਤਾ ਕਰਦਾ ਹੈ। ਕਵਿਤਾ ਨਪੇ-ਤੁਲੇ ਸ਼ਬਦਾ ਦੀ ਹੋਣੀ ਚਾਹੀਦੀ ਏ ਨਾ ਕਿ ਇੰਜ ਪ੍ਰਤੀਤ ਹੁੰਦਾ ਹੋਵੇ ਕਿ ਵਾਰਤਕ ਨੂੰ ਟੁਕੜਿਆਂ 'ਚ ਤਬਦੀਲ ਕੀਤਾ ਗਿਆ ਹੈ।

ਸ਼ਬਦ ਦੇ ਆਖਰੀ ਅੱਖਰ ਨੂੰ ਅਗਲੇ ਸ਼ਬਦ ਦੇ ਪਹਿਲੇ ਅੱਖਰ ਨਾਲ ਸ਼ੁਰੂ ਕਰਨ ਤੋਂ ਗੁਰੇਜ਼ ਕਰਨਾ ਚਾਹੀਦਾ ਨਹੀਂ ਤਾਂ ਕਾਵਿ ਰਚਨਾ ਬੋਲਣ ਲਗਿਆਂ ਦੋਸ਼ ਪੈਂਦਾ ਕਰ ਜਾਂਦਾ ਹੈ। (ਜਿਓ ਡਿਗਿਆ ਅੰਬਰ ਤੋਂ ਤਾਰਾ) ਅਕਸਰ ਚੰਗੇ ਵਿਚਾਰ ਅਸਮਾਨੀ ਬਿਜਲੀ ਦੀ ਤਰ੍ਹਾਂ ਕੌਂਧ ਜਾਂਦੇ ਹਨ, ਰਚਨਾ ਲਿਖਣ ਵੇਲੇ ਉਨ੍ਹਾਂ ਦੀ ਸੰਭਾਲ ਕਰਨਾ ਸਮਝਦਾਰੀ ਹੈ। ਮੁੜ ਕਦੋਂ ਬਿਜਲੀ ਵਾਗੂ ਵਿਚਾਰ ਕੌਂਧਣ ਇਨ੍ਹਾਂ ਦੀ ਵਾਗਡੋਰ ਕੁਝ ਹੱਦ ਤੱਕ ਕੁਦਰਤ ਦੇ ਹੱਥ ਕਹਿ ਸਕਦੇ ਹਾਂ। ਬਾਕੀ ਲੇਖਕ ਦੀ ਆਪਣੀ ਮਿਹਨਤ, ਸਿਰਫ਼ ਰੱਬੀ ਮਿਹਰਬਾਨੀ ਦੀ ਸ਼ਮੂਲੀਅਤ ਮਾਇਨੇ ਰਖਦੀ ਹੈ।

ਮੂਲ ਰੂਪ ਅਸੀਂ ਪੰਜਾਬੀਆਂ ਨੂੰ ਖ਼ਾਸ ਤੋਰ 'ਤੇ ਪੰਜਾਬੀ ਮਾਂ ਬੋਲੀ 'ਚ ਲਿਖਣ ਵੇਲੇ ਦੁਸ਼ਵਾਰੀਆਂ ਘੱਟ ਤੇ ਸਹੂਲਤ ਵਧੀਕ ਹਨ। ਸਰਕਾਰੀ ਪੜ੍ਹਨ ਲਈ ਲਾਇਬ੍ਰੇਰੀਆਂ ਵਿਭਾਗਾਂ ਵਲੋਂ ਛਾਪੀਆਂ ਲਾਗ਼ਤੀ ਮੁੱਲ 'ਤੇ ਮਿਲਦੀਆਂ ਪੰਜਾਬੀ ਪੜ੍ਰਿਕਾਵਾਂ, ਕਿਤਾਬਾਂ ਦੀ ਬਹੁਤਾਤ ਨਾਲ ਸਰਕਾਰੀ ਕੰਮ-ਕਾਜ ਪੰਜਾਬੀ 'ਚ ਕਰਨ ਦੀਆਂ ਹਦਾਇਤਾਂ, ਉਤੋਂ ਪੰਜਾਬ ਸਕੂਲ ਸਿਖਿਆ ਬੋਰਡ ਵਲੋਂ ਸਕੂਲੀ ਬੱਚਿਆਂ ਲਈ ਕਿਤਾਬਾਂ, ਪੜ੍ਰਿਕਾਵਾਂ ਰਾਹੀਂ ਗਿਆਨ ਵਿਚ ਵਾਧਾ ਹੁੰਦਾ ਹੈ ਪੰਜਾਬੀ ਮਾਂ ਬੋਲੀ ਨੂੰ ਖ਼ਾਸ ਪ੍ਰਫੁੱਲਤ/ਪ੍ਰੋਸਾਹਿਤ ਕੀਤੀਆਂ ਜਾਣ ਵਾਲੀਆਂ ਅਣਥੱਕ ਘਾਲਾਂ, ਹੋਰ ਪੰਜਾਬੀ ਬੋਲੀ ਲਈ ਕੰਮ ਕਰਦੇ ਸਿਖਿਅਕ ਅਦਾਰਿਆਂ ਦੇ ਯੋਗਦਾਨ ਦਾ ਹਰ ਪੰਜਾਬੀ ਨੂੰ ਗਰੂਰ ਕਰਨਾ ਚਾਹੀਦਾ ਚਾਹੇ ਦੇਸ਼ ਜਾਂ ਵਿਦੇਸ਼ ਰਹਿੰਦਾ ਹੋਵੇ। ਬੋਲ-ਚਾਲ, ਲਿਖਣ 'ਚ ਪੰਜਾਬੀ ਦਾ ਵਰਤਿਆ ਜਾਣਾ ਹੀ ਸੁਨਿਸਚਿਤ ਕਰਦਾ ਹੈ ਕਿ ਸਾਡੀ ਪੰਜਾਬੀ ਮਾਂ ਬੋਲੀ ਸਦਾ ਜਿੰਦਾ ਰਹੇਗੀ।

# ਪੇਂਡੂ ਖੇਤਰਾਂ ਤੱਕ ਸਿਹਤ ਸੇਵਾਵਾਂ ਦੀ ਪਹੁੰਚ ਨੂੰ ਵਧਾਉਣ ਲਈ 10 ਨਵੀਆਂ ਮੋਬਾਈਲ ਮੈਡੀਕਲ ਯੂਨਿਟਾਂ ਲਾਂਚ

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਸੋਚ ਅਨੁਸਾਰ ਪੇਂਡੂ ਅਤੇ ਪਛੜੇ ਖੇਤਰਾਂ ਵਿੱਚ ਸਿਹਤ ਸੰਭਾਲ ਪਹੁੰਚ ਨੂੰ ਹੋਰ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਇੱਕ ਹੋਰ ਮਹੱਤਵਪੂਰਨ ਕਦਮ ਚੁੱਕਦਿਆਂ ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਇੱਥੇ ਪੰਜਾਬ ਭਵਨ ਤੋਂ 10 ਮੋਬਾਈਲ ਮੈਡੀਕਲ ਯੂਨਿਟਾਂ (ਐਮ.ਐਮ.ਯੂਜ਼.) ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ।

ਹੰਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਸ਼ੁਰੂ ਕੀਤੀਆਂ ਇਨ੍ਹਾਂ ਇਕਾਈਆਂ ਦਾ ਉਦੇਸ਼ ਪੇਂਡੂ ਖੇਤਰਾਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਉਹਨਾਂ ਦੇ ਦਰਾਂ ਤੱਕ ਹੀ ਜ਼ਰੂਰੀ ਡਾਕਟਰੀ ਸੇਵਾਵਾਂ ਪਹੁੰਚਾਉਣਾ ਯਕੀਨੀ ਬਣਾਉਣਾ ਹੈ।

ਇਸ ਸਬੰਧੀ ਵੇਰਵੇ ਸਾਂਝੇ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਅਤਿ-ਆਧੁਨਿਕ ਡਾਕਟਰੀ ਸਹੂਲਤਾਂ ਨਾਲ ਲੈਸ ਕੀਤੀਆਂ ਗਈਆਂ ਇਹ ਮੋਬਾਈਲ ਵੈਨਾਂ ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਨੂੰ ਅਲਾਟ ਕੀਤੀਆਂ ਗਈਆਂ ਹਨ ਤਾਂ ਜੋ ਲੋੜਵੰਦਾਂ ਨੂੰ ਉਨ੍ਹਾਂ ਦੇ ਦਰਾਂ ਤੱਕ ਸਮੇਂ ਸਿਰ ਅਤੇ ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਮਿਲਣਾ ਯਕੀਨੀ ਬਣਾਇਆ ਜਾ ਸਕੇ। ਉਨ੍ਹਾਂ ਕਿਹਾ ਕਿ ਇਹਨਾਂ ਐਮਐਮਯੂਜ਼ ਵਿੱਚ ਸੇਵਾਵਾਂ ਦੀ ਇੱਕ ਵਿਆਪਕ ਸ਼੍ਰੇਣੀ ਪ੍ਰਦਾਨ ਕੀਤੀ ਜਾ ਰਹੀ ਹੈ, ਜਿਸ ਵਿੱਚ ਐਮਬੀਬੀਐਸ ਡਾਕਟਰਾਂ ਦੀ ਮੁਫਤ ਡਾਕਟਰੀ ਸਲਾਹ, 40 ਕਿਸਮਾਂ ਦੇ ਡਾਇਗਨੌਸਟਿਕ ਟੈਸਟ, 220 ਕਿਸਮਾਂ ਦੀਆਂ ਮੁਫ਼ਤ ਦਵਾਈਆਂ, ਵਿਸ਼ੇਸ਼ ਸਿਹਤ ਜਾਗਰੂਕਤਾ ਕੈਂਪ ਅਤੇ ਸਿਹਤ ਸਹੂਲਤਾਂ ਤੱਕ ਪਹੁੰਚ ਕਰਨ ਵਿੱਚ ਅਸਮਰੱਥ ਮਰੀਜ਼ਾਂ ਨੂੰ ਉਹਨਾਂ ਦੇ ਘਰਾਂ 'ਚ ਹੀ ਡਾਕਟਰੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਇਹ ਯੂਨਿਟ ਰੋਜ਼ਾਨਾ ਦੋ ਪਿੰਡਾਂ ਵਿੱਚ ਜਾਵੇਗੀ, ਜਿਸ ਦੌਰਾਨ ਪੇਂਡੂ ਖੇਤਰਾਂ ਦੇ ਵਸਨੀਕਾਂ ਤੱਕ ਡਾਕਟਰੀ ਸਿਹਤ ਸਹੂਲਤਾਂ ਪਹੁੰਚਾਉਣ ਨੂੰ ਤਰਜੀਹ ਦਿੱਤੀ ਜਾਵੇਗੀ। ਉਨ੍ਹਾਂ ਅੱਗੇ ਕਿਹਾ ਕਿ ਇਹਨਾਂ ਐਮਐਮਯੂ ਸਦਕਾ ਹੁਣ ਲੋਕਾਂ ਨੂੰ ਡਾਕਟਰੀ ਦੇਖਭਾਲ ਲਈ ਲੰਬੀ ਦੂਰੀ ਤੈਅ ਨਹੀਂ ਕਰਨੀ ਪਵੇਗੀ ਅਤੇ ਗੁਣਵੱਤਾ ਵਾਲੀਆਂ ਸਿਹਤ ਸੰਭਾਲ ਸੇਵਾਵਾਂ ਉਨ੍ਹਾਂ ਦੇ ਦਰਾਂ ਤੱਕ ਉਪਲਬਧ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ।

ਸਿਹਤ ਮੰਤਰੀ ਨੇ ਦ ਹੰਸ ਫਾਊਂਡੇਸ਼ਨ ਅਤੇ ਹੋਰਨਾਂ ਸਮਾਜ ਸੇਵੀ ਸੰਸਥਾਵਾਂ (ਐਨਜੀਓਜ਼) ਦੀ ਪੰਜਾਬ ਦੀ ਸਿਹਤ ਸੰਭਾਲ ਪ੍ਰਣਾਲੀ ਅਤੇ ਸਮਾਜ ਵਿੱਚ ਉਨ੍ਹਾਂ ਦੇ ਅਨਮੋਲ ਯੋਗਦਾਨ ਲਈ ਉਹਨਾਂ ਦੀ "ਦੂਤ ਨਿਵੇਸ਼ਕ" ਵਜੋਂ ਸ਼ਲਾਘਾ ਵੀ ਕੀਤੀ।

ਇਸ ਵੇਲੇ ਪੰਜਾਬ ਭਰ ਵਿੱਚ 66 ਐਮਐਮਯੂਜ਼ ਕਾਰਜਸ਼ੀਲ ਹਨ, ਜਿਨ੍ਹਾਂ ਵਿੱਚ ਹੰਸ ਫਾਊਂਡੇਸ਼ਨ ਦੁਆਰਾ ਸਮਰਥਤ 51 ਐਮਐਮਯੂ, ਨੈਸ਼ਨਲ ਹੈਲਥ ਮਿਸ਼ਨ (ਐਨਐਚਐਮ) ਅਧੀਨ 13 ਐਮਐਮਯੂ, ਆਈਸੀਆਈਸੀਆਈ ਬੈਂਕ ਦੁਆਰਾ ਸਪਾਂਸਰ 1 ਐਮਐਮਯੂ ਅਤੇ ਐਨਜੀਓ "ਡਾਕਟਰਜ਼ ਫਾਰ ਯੂ" ਵੱਲੋਂ ਚਲਾਇਆ ਜਾ ਰਿਹਾ 1 ਐਮਐਮਯੂ ਸ਼ਾਮਲ ਹੈ। ਦੱਸਣਯੋਗ ਹੈ ਕਿ ਅਪ੍ਰੈਲ 2024 ਤੋਂ ਜਨਵਰੀ 2025 ਤੱਕ, ਇਨ੍ਹਾਂ ਯੂਨਿਟਾਂ ਨੇ ਓਪੀਡੀ ਸੇਵਾਵਾਂ ਰਾਹੀਂ 4.40 ਲੱਖ ਮਰੀਜ਼ਾਂ ਦਾ ਇਲਾਜ ਕੀਤਾ ਹੈ ਅਤੇ 1.39 ਲੱਖ ਡਾਇਗਨੌਸਟਿਕ ਟੈਸਟ ਕੀਤੇ ਹਨ।

ਆਮ ਆਦਮੀ ਕਲੀਨਿਕਾਂ ਦੀ ਸਫ਼ਲਤਾ ਨੂੰ ਉਜਾਗਰ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ 2.86 ਕਰੋੜ ਤੋਂ ਵੱਧ ਲੋਕਾਂ ਨੇ ਇਨ੍ਹਾਂ ਕਲੀਨਿਕਾਂ ਤੋਂ ਲਾਭ ਉਠਾਇਆ ਹੈ, ਜਿਸ ਨਾਲ ਪੰਜਾਬ ਦੇ ਵਾਸੀਆਂ ਦੀ ਕੁੱਲ 1,500 ਕਰੋੜ ਰੁਪਏ ਤੋਂ ਵੱਧ ਦੀ ਬਚਤ ਹੋਈ ਹੈ।



# ਦੁਬਈ ਤੋਂ ਪੱਕੇ ਤੌਰ ਤੇ ਵਾਪਸ ਪਰਤਿਆ ਕਿਸਾਨ ਗੁਰਮੀਤ ਸਿੰਘ

## ਕਣਕ-ਝੋਨੇ ਦੀ ਖੇਤੀ ਦੇ ਨਾਲ -ਨਾਲ ਕਰਦਾ ਹੈ ਲਸਣ, ਪਿਆਜ ਤੇ ਸਰੋਂ ਦੀ ਖੇਤੀ

## ਸਖ਼ਤ ਮਿਹਨਤ ਅਤੇ ਲਗਨ ਸਦਕਾ ਖੇਤੀਬਾੜੀ ਨੂੰ ਬਣਾਇਆ ਇੱਕ ਲਾਹੇਵੰਦ ਧੰਦਾ

ਜਾਗ੍ਰਤੀ ਬਿਊਰੋ




ਮੁੱਖ ਖੇਤੀਬਾੜੀ ਅਫਸਰ ਤਰਨ ਤਰਨ ਡਾ. ਹਰਪਾਲ ਸਿੰਘ ਪੰਨੂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕਹਿੰਦੇ ਨੇ ਕਿ ਜੇਕਰ ਮਨ ਵਿੱਚ ਕੁਝ ਕਰਨ ਦੀ ਇੱਛਾ ਸ਼ਕਤੀ ਮਜ਼ਬੂਤ ਹੋਵੇ ਤਾਂ ਔਖੇ ਕੰਮ ਵੀ ਸੌਖੇ ਹੋ ਜਾਂਦੇ ਹਨ ਅਤੇ ਸਫਲਤਾ ਆਪਣੇ ਆਪ ਕਦਮ ਚੁੰਮਦੀ ਹੈ। ਅਜਿਹੀ ਹੀ ਕਹਾਣੀ ਹੈ ਕਿਸਾਨ ਗੁਰਮੀਤ ਸਿੰਘ ਦੀ ਜੋ ਕਿ 10 ਸਾਲ ਅਰਬ ਦੇਸ਼ ਵਿੱਚ ਲਾਉਣ ਤੋਂ ਬਾਅਦ ਪੱਕੇ ਤੌਰ 'ਤੇ ਆਪਣੇ ਪੰਜਾਬ ਦੀ ਜ਼ਮੀਨ 'ਤੇ ਪਰਤਿਆ ਹੈ ਅਤੇ ਉਹ ਆਪਣੀ ਜਮੀਨ ਵਿੱਚ ਕਣਕ-ਝੋਨੇ ਦੀ ਰਵਾਇਤੀ ਖੇਤੀ ਦੇ ਨਾਲ ਸਬਜ਼ੀਆਂ ਦੀ ਕਾਸ਼ਤ ਵੀ ਕਰਦਾ ਹੈ।

ਹਰ ਸਫਲ ਵਿਅਕਤੀ ਪਿੱਛੇ ਉਸ ਦੀ ਸਖ਼ਤ ਮਿਹਨਤ, ਲਗਨ ਤੇ ਉਸ ਦੀਆਂ ਖੂਬੀਆਂ ਹੁੰਦੀਆਂ ਹਨ। ਦੁਨੀਆਂ ਦਾ ਕੋਈ ਅਜਿਹਾ ਕੰਮ ਨਹੀਂ, ਜੋ ਮਨੁੱਖ ਨਾ ਕਰ ਸਕੇ। ਹਰ ਮਨੁੱਖ ਦਾ ਸੁਪਨਾ ਹੁੰਦਾ ਹੈ ਕਿ ਉਹ ਜ਼ਿੰਦਗੀ ਵਿੱਚ ਉੱਚਾ ਮੁਕਾਮ ਹਾਸਿਲ ਕਰੇ। ਜ਼ਿਆਦਾਤਾਰ ਲੋਕ ਆਪਣੇ ਜੀਵਨ ਵਿੱਚ ਤਰੱਕੀ ਤਾਂ ਕਰਨੀ ਚਾਹੁੰਦੇ ਹਨ ਪਰ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਉਹ ਉਨੀ ਮਿਹਨਤ ਨਹੀਂ ਕਰਦੇ, ਜਿੰਨੀ ਸਫਲਤਾ ਪ੍ਰਾਪਤ ਕਰਨ ਲਈ ਜ਼ਰੂਰੀ ਹੁੰਦੀ ਹੈ। ਪਰ ਅੱਜ ਅਸੀਂ ਤੁਹਾਨੂੰ ਇੱਕ ਅਜਿਹੇ ਸ਼ਕਸ ਨਾਲ ਜਾਣੂ ਕਰਵਾਉਣ ਜਾ ਰਹੇ ਹਾਂ, ਜਿੰਨਾ ਨੇ ਆਪਣੀ ਸਖ਼ਤ ਮਿਹਨਤ ਅਤੇ ਲਗਨ ਸਦਕਾ ਖੇਤੀਬਾੜੀ ਨੂੰ ਇੱਕ ਲਾਹੇਵੰਦ ਧੰਦਾ ਬਣਾਇਆ ਹੈ ਹੈ।

ਕਿਸਾਨ ਗੁਰਮੀਤ ਸਿੰਘ ਪੁੱਤਰ ਸਰਦਾਰ ਸੁਖਦੇਵ ਸਿੰਘ ਵਾਸੀ ਪਿੰਡ ਨਾਗੋਕੇ ਜੋ ਕਿ ਕੁੱਲ 5 ਏਕੜ ਰਕਬੇ ਵਿੱਚ ਵਾਹੀ ਕਰਦਾ ਹੈ, ਆਪਣੀ ਮਾਲਕੀ 5 ਏਕੜ ਦੇ ਨਾਲ ਨਾਲ 2 ਏਕੜ ਠੇਕੇ ਉਪਰ ਲੈ ਕੇ ਕਣਕ, ਝੋਨੇ ਦੀ ਖੇਤੀ ਦੇ ਨਾਲ -ਨਾਲ ਸਬਜੀਆਂ ਆਲੂ, ਲਸਣ, ਸਰੋਂ, ਪਿਆਜ ਦੀ ਖੇਤੀ ਕਰਦਾ ਹੈ।

ਕਿਸਾਨ ਗੁਰਮੀਤ ਸਿੰਘ ਦੱਸਦਾ ਹੈ ਕਿ ਉਸ ਨੇ ਖੇਤੀਬਾੜੀ ਵਿਭਾਗ ਖਡੂਰ ਸਾਹਿਬ ਤੇ ਆਤਮਾ ਵਿੰਗ ਦੇ ਬਲਾਕ ਟੈਕਨੋਲੋਜੀ ਮੈਨੇਜਰ ਯਾਦਵਿੰਦਰ ਸਿੰਘ ਨਾਲ ਰਾਬਤਾ ਕਰਕੇ ਝੋਨੇ ਦੀ ਪਰਾਲੀ ਨੂੰ ਸਾਂਭਣ ਵਾਸਤੇ ਬੇਲਰ ਦੇ ਨਾਲ ਗੰਡਾਂ ਬਣਵਾਈਆਂ ਅਤੇ ਉਹ ਪਿਛਲੇ ਪੰਜ ਸਾਲਾਂ ਤੋਂ ਕਣਕ ਦੇ ਨਾਲ ਅਤੇ ਝੋਨੇ ਦੀ ਪਰਾਲੀ ਨੂੰ ਅੱਗ ਨਹੀਂ ਲਾਉਂਦਾ ਹੈ । ਫਸਲ ਦੀ ਰਹਿੰਦ-ਖੂੰਹਦ ਨੂੰ ਖੇਤਾ ਵਿੱਚ ਹੀ ਵਾਹ ਦਿੰਦਾ ਹੈ। ਬਿਨਾ ਅੱਗ ਲਗਾਏ ਸਾਰੇ ਰਕਬੇ ਵਿੱਚ ਕਣਕ ਅਤੇ ਸਬਜੀਆਂ ਦੀ ਕਾਸ਼ਤ ਕਰਦਾ ਹੈ।ਗੁਰਮੀਤ ਸਿੰਘ ਬਾਗਬਾਨੀ ਵਿਭਾਗ ਨਾਲ ਰਾਬਤਾ ਕਰਕੇ ਪੋਲੀ ਹਾਊਸ ਵੀ ਲਗਾਉਣਾ ਚਾਹੁੰਦਾ ਹੈ। ਕਿਸਾਨ ਖੇਤੀਬਾੜੀ ਵਿਭਾਗ ਅਤੇ ਆਤਮਾ ਵਿੰਗ ਖਡੂਰ ਸਾਹਿਬ ਦੇ ਸੰਪਰਕ ਵਿੱਚ ਰਹਿੰਦਾ ਹੈ, ਜਿਸ ਨਾਲ ਇਸ ਨੂੰ ਸਮੇ-ਸਮੇ ਤੇ ਵਿਭਾਗ ਦੀਆ ਸਹੂਲਤਾ ਬਾਰੇ ਜਾਣਕਾਰੀ ਮਿਲਦੀ ਰਹਿੰਦੀ ਹੈ ਅਤੇ ਉਹ ਉਨਾ ਸਹੂਲਤਾਂ ਦਾ ਲਾਭ ਲੈਂਦਾ ਹੈ । ਇਸ ਸਮੇਂ ਉਹਨਾਂ ਦੇ ਨਾਲ ਗੁਰਪ੍ਰਤਾਪ ਸਿੰਘ ਫੀਲਡ ਵਰਕਰ ਹਾਜ਼ਰ ਸਨ।

# ਰਿਵਰਸ ਮਾਈਗਰੇਸ਼ਨ

# ਪੁਰਖਿਆਂ ਦੀ ਮਿੱਟੀ ਦਾ ਕਰਜ਼ ਉਤਾਰਨ ਨਿਊਜ਼ੀਲੈਂਡ ਤੋਂ ਪੰਜਾਬ ਆਈ ਅਵੰਤਿਕਾ ਪੰਜਤੂਰੀ

ਜਾਗ੍ਰਤੀ ਬਿਊਰੋ



ਪੰਜਾਬੀਆਂ ਉੱਤੇ ਦੋਸ਼ ਲੱਗਦੇ ਹਨ ਕਿ ਇਹ ਲੋਕ ਆਪਣੀ ਜਨਮ ਭੂਮੀ ਨੂੰ ਛੱਡ ਕੇ ਵਿਦੇਸ਼ਾਂ ਵਿੱਚ ਸੈਟਲ ਹੋ ਰਹੇ ਹਨ। ਜੋ ਲੋਕ ਇੱਥੋਂ ਜਾ ਰਹੇ ਹਨ ਉਹ ਆਪਣੀ ਮੁੜ ਇੱਥੋਂ ਦੀ ਸਾਰ ਨਹੀਂ ਲੈਂਦਾ। ਇਹਨਾਂ ਸਾਰੀਆਂ ਦੰਦ ਕਥਾਵਾਂ ਨੂੰ ਨਿਊਜ਼ੀਲੈਂਡ ਵਿੱਚ ਪੈਦਾ ਹੋਈ ਪੰਜਾਬਣ ਮੁਟਿਆਰ ਅਵੰਤਿਕਾ ਪੰਜਤੂਰੀ (23 ਸਾਲ) ਨੇ ਝੂਠ ਸਾਬਿਤ ਕਰ ਦਿੱਤਾ ਹੈ। ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਨੂੰ ਆਪਣੀ ਮਿੱਟੀ ਲਈ ਕੁਝ ਕਰਨ ਦਾ ਸੱਦਾ ਪ੍ਰਵਾਨ ਕਰਦਿਆਂ ਅਵੰਤਿਕਾ ਨਿਊਜ਼ੀਲੈਂਡ ਵਰਗਾ ਖੁਸ਼ਹਾਲ ਦੇਸ਼ ਛੱਡ ਕੇ ਆਪਣੇ ਜੱਦੀ ਪਿੰਡ ਫਤਹਿਗੜ੍ਹ ਪੰਜਤੂਰ ਵਿੱਚ ਰਹਿਣ ਹੀ ਨਹੀਂ ਲੱਗੀ ਸਗੋਂ ਉਸਨੇ ਇੱਥੋਂ ਦੇ ਨੌਜਵਾਨ ਵਰਗ, ਖਾਸ ਕਰਕੇ ਕੁੜੀਆਂ, ਨੂੰ ਸਕਿੱਲਡ ਕਰਕੇ ਆਪਣੇ ਪੈਰਾਂ ਉੱਤੇ ਖੜ੍ਹਾ ਕਰਨ ਵਿੱਚ ਵੀ ਲਾਮਿਸਾਲ ਯੋਗਦਾਨ ਪਾ ਰਹੀ ਹੈ।

ਅਵੰਤਿਕਾ ਪੰਜਤੂਰੀ ਭਾਵੇਂਕਿ ਨਿਊਜ਼ੀਲੈਂਡ ਵਿੱਚ ਪੈਦਾ ਅਤੇ ਵੱਡੀ ਹੋਈ ਹੈ ਪਰ ਉਸਦਾ ਆਪਣੇ ਪੁਰਖਿਆਂ ਦੀ ਧਰਤੀ ਪਿੰਡ ਫ਼ਤਹਿਗੜ੍ਹ ਪੰਜਤੂਰ ਨਾਲ ਗਹਿਰਾ ਲਗਾਅ ਹੈ। ਅਵੰਤਿਕਾ ਨੇ ਦੱਸਿਆ ਕਿ ਉਸਦੇ ਪਿਤਾ ਜਤਿੰਦਰ ਪੰਜਤੂਰੀ, ਜੋ ਕਿ ਖੁਦ ਸਾਇੰਸ ਵਿਸ਼ੇ ਦੇ ਅਧਿਆਪਕ ਸਨ, ਸਾਲ 1999 ਵਿੱਚ ਨਿਊਜ਼ੀਲੈਂਡ ਚਲੇ ਗਏ ਸੀ। ਪਰ ਪਿੰਡ ਫ਼ਤਹਿਗੜ੍ਹ ਪੰਜਤੂਰ ਹਮੇਸ਼ਾਂ ਉਹਨਾਂ ਦੇ ਦਿਲ ਦੇ ਨਜ਼ਦੀਕ ਰਿਹਾ। ਆਪਣੇ ਦਿਲ ਦੀ ਆਵਾਜ਼ ਦਾ ਸਤਿਕਾਰ ਕਰਦਿਆਂ ਜਤਿੰਦਰ ਪੰਜਤੂਰੀ ਨੇ ਵੀ ਪਿੰਡ ਵਾਪਿਸ ਆਉਣ ਦਾ

ਫੈਸਲਾ ਕੀਤਾ ਅਤੇ ਇੱਥੇ ਆ ਕੇ ਆਪਣੇ ਪੁਰਖਿਆਂ ਵੱਲੋਂ ਸ਼ੁਰੂ ਕੀਤੇ ਗਏ ਸਕੂਲ ਦਾ ਕੰਮ ਸੰਭਾਲ ਲਿਆ। ਉਹਨਾਂ ਦੇ ਪਦ ਚਿੰਨ੍ਹਾਂ ਉੱਤੇ ਚੱਲਦਿਆਂ ਹੁਣ ਅਵੰਤਿਕਾ ਨੇ ਵੀ ਆਪਣੇ ਪਿੰਡ ਵਿੱਚ ਪੱਕੇ ਤੌਰ ਉੱਤੇ ਸੈਟਲ ਹੋਣ ਦਾ ਧਾਰ ਲਿਆ ਹੈ।

ਅਵੰਤਿਕਾ ਨੇ ਕਿਹਾ ਕਿ ਉਹ ਵਿਦੇਸ਼ੀ ਧਰਤੀ ਤੋਂ ਇੱਕ ਮਿਸ਼ਨ ਲੈ ਕੇ ਪਰਤੀ ਹੈ। ਉਸ ਦਾ ਟੀਚਾ ਪੇਂਡੂ ਖੇਤਰ ਦੀਆਂ ਲੜਕੀਆਂ ਨੂੰ ਪੈਰਾਂ-ਸਿਰ ਕਰਨਾ ਹੈ। ਸ਼ਾਇਦ ਇਹ ਕਰਕੇ ਉਹ ਆਪਣੇ ਪੁਰਖਿਆਂ ਦੀ ਮਿੱਟੀ ਦਾ ਕਰਜ਼ ਉਤਾਰਨ ਵਿੱਚ ਥੋੜ੍ਹਾ ਬਹੁਤ ਸਫ਼ਲ ਹੋ ਸਕੇ। ਉਸਨੇ ਕਿਹਾ ਕਿ ਉਹ ਹੁਣ ਪੱਕੇ ਤੌਰ ਉੱਤੇ ਪੰਜਾਬ ਵਿੱਚ ਵੱਸ ਗਈ ਹੈ।

ਉਹ ਪਿੰਡਾਂ ਦੀਆਂ ਲੜਕੀਆਂ ਨੂੰ ਲੜਕਿਆਂ ਦੇ ਮੁਕਾਬਲੇ ਬਰਾਬਰਤਾ ਦੇ ਹੱਕ ਦਿਵਾਉਣਾ ਚਾਹੁੰਦੀ ਹੈ। ਉਸ ਦਾ ਪਰਿਵਾਰਕ ਪਿਛੋਕੜ ਸਿੱਖਿਆ ਦੇ ਖੇਤਰ ਨਾਲ ਜੁੜਿਆ ਹੋਇਆ ਹੈ। ਉਸ ਨੇ ਆਪਣੇ ਪਿਤਾ ਜਤਿੰਦਰ ਪੰਜਤੂਰੀ ਦੀ ਸਰਪ੍ਰਸਤੀ ਹੇਠ ਚੱਲ ਰਹੀ ਐਸਆਰਐੱਮ ਨਾਮੀ ਵਿਦਿਅਕ ਸੰਸਥਾ ਦੇ ਇੱਕ ਹਿੱਸੇ ਨੂੰ ਲੜਕੀਆਂ ਦੀ ਮੁਫ਼ਤ ਟ੍ਰੇਨਿੰਗ ਕੈਂਪ ਵਜੋਂ ਰਾਖਵਾਂ ਰੱਖਿਆ ਹੋਇਆ ਹੈ। ਲੰਘੇ ਇੱਕ ਵਰ੍ਹੇ ਵਿੱਚ ਲਗਪਗ 500 ਲੜਕੀਆਂ ਇਸ ਟ੍ਰੇਨਿੰਗ ਸੈਂਟਰ ਤੋਂ ਵੱਖ-ਵੱਖ ਕਿੱਤਾਮੁਖੀ ਕੋਰਸਾਂ ਵਿੱਚ ਮੁਫ਼ਤ ਸਿੱਖਿਆ ਗ੍ਰਹਿਣ ਕਰ ਕੇ ਰੁਜ਼ਗਾਰ ਦੇ ਮੌਕੇ ਹਾਸਲ ਕਰ ਚੁੱਕੀਆਂ ਹਨ।

ਅਵੰਤਿਕਾ ਦਾ ਕਹਿਣਾ ਹੈ ਕਿ ਕੰਮ ਕੋਈ ਵੀ ਔਖਾ ਨਹੀਂ ਹੈ ਲੋੜ ਸਿਰਫ ਉਸ ਪ੍ਰਤੀ ਜਾਗਰੂਕ ਹੋਣ ਦੀ ਹੁੰਦੀ ਹੈ। ਉਹ ਇਨ੍ਹਾਂ ਕੋਰਸਾਂ ਲਈ ਦਸਵੀਂ ਅਤੇ ਬਾਰਵੀਂ ਪਾਸ ਲੜਕੀਆਂ ਦੀ ਚੋਣ ਕਰਦੀ ਹੈ। ਉਸ ਦੇ ਕੋਚਿੰਗ ਸੈਂਟਰ ਵਿੱਚ ਵਿਦੇਸ਼ਾਂ ਤੋਂ ਅਕਸਰ ਮਹਿਮਾਨ ਅਧਿਆਪਕ ਵੀ ਸਮੇਂ-ਸਮੇਂ ਉੱਤੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਆਉਂਦੇ ਹਨ। ਇਸ ਸਾਲ ਉਹ ਆਪਣੇ ਸੈਂਟਰ ਨੂੰ ਐੱਸਐੱਸ ਗਰੁੱਪ ਮੁਹਾਲੀ ਅਤੇ ਐਸਬੀਪੀਐਸ ਗਰੁੱਪ ਯੂਐੱਸਏ ਦੇ ਸਹਿਯੋਗ ਨਾਲ ਚਲਾ ਰਹੀ ਹੈ। ਬੀਪੀਓ ਨਾਮੀ ਇਹ ਗਰੁੱਪ ਪੇਂਡੂ ਲੜਕੀਆਂ ਦੀ ਚੋਣ ਕਰਕੇ ਘਰ ਤੋਂ ਰੁਜ਼ਗਾਰ ਸ਼ੁਰੂ ਕਰਵਾਉਣ ਦੀ ਮੁਹਿੰਮ ਚਲਾ ਰਿਹਾ ਹੈ। ਆਪਣੇ ਖਰਚ ਉੱਤੇ ਅਵੰਤਿਕਾ ਪੰਜਤੂਰੀ ਨੇ ਕਸਬਾ ਮੱਖੂ, ਜ਼ੀਰਾ ਅਤੇ ਧਰਮਕੋਟ ਤੋਂ ਲੜਕੀਆਂ ਦੇ ਆਉਣ-ਜਾਣ ਲਈ ਮੁਫ਼ਤ ਬੱਸਾਂ ਦੀ ਸਹੂਲਤ ਵੀ ਸ਼ੁਰੂ ਕੀਤੀ ਹੋਈ ਹੈ। ਅਵੰਤਿਕਾ ਲੜਕੀਆਂ ਨੂੰ ਸਮਾਜਿਕ ਬੁਰਾਈਆਂ ਵਿਰੁੱਧ ਲਾਮਬੰਦ ਅਤੇ ਜਾਗਰੂਕ ਕਰਨ ਲਈ ਵੀ ਪੂਰੀ ਤਰ੍ਹਾਂ ਸੰਜੀਦਾ ਹੈ।

ਉਸਨੇ ਪੰਜਾਬ ਸਰਕਾਰ ਵੱਲੋਂ ਨੌਜਵਾਨਾਂ ਨੂੰ ਸਿੱਖਿਅਤ ਕਰਨ, ਨੌਕਰੀਆਂ ਦੇ ਕਾਬਿਲ ਬਣਾਉਣ, ਨੌਕਰੀਆਂ ਦੇਣ ਅਤੇ ਆਪਣੇ ਕਾਰੋਬਾਰ ਸ਼ੁਰੂ ਕਰਨ ਲਈ ਸ਼ੁਰੂ ਕੀਤੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਨੌਜਵਾਨਾਂ ਨੂੰ ਸੱਦਾ ਦਿੱਤਾ ਹੈ ਕਿ ਉਹ ਸਰਕਾਰੀ ਸਕੀਮਾਂ ਦਾ ਲਾਭ ਲੈ ਕੇ ਆਪਣੇ ਪੈਰਾਂ ਉੱਤੇ ਖੜ੍ਹਾ ਦੀ ਕੋਸ਼ਿਸ਼ ਕਰਨ। ਅਵੰਤਿਕਾ ਦਾ ਕਹਿਣਾ ਹੈ ਕਿ ਪੰਜਾਬ ਬਹੁਤ ਹੀ ਸੰਭਾਵਨਾ ਭਰਪੂਰ ਸੂਬਾ ਹੈ। ਨੌਜਵਾਨ ਇਥੇ ਰਹਿ ਕੇ ਸੂਬੇ ਦੇ ਵਿਕਾਸ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਉਸਨੇ ਪ੍ਰਵਾਸੀ ਪੰਜਾਬੀਆਂ ਨੂੰ ਵੀ ਸੱਦਾ ਦਿੱਤਾ ਹੈ ਕਿ ਉਹ ਆਪਣੇ ਪਿੰਡਾਂ ਨੂੰ ਅਪਣਾਉਣ ਤਾਂ ਜੋ ਪੰਜਾਬ ਅਤੇ ਪੰਜਾਬੀਆਂ ਨੂੰ ਹੋਰ ਖੁਸ਼ਹਾਲ ਬਣਾਇਆ ਜਾ ਸਕੇ।

ਡਿਪਟੀ ਕਮਿਸ਼ਨਰ ਸ਼੍ਰੀ ਵਿਸ਼ੇਸ਼ ਸਾਰੰਗਲ ਨੇ ਅਵੰਤਿਕਾ ਪੰਜਤੂਰੀ ਵੱਲੋਂ ਆਪਣੇ ਇਲਾਕੇ ਦੀਆਂ ਕੁੜੀਆਂ/ਔਰਤਾਂ ਦੇ ਸਸ਼ਕਤੀਕਰਨ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕਰਦਿਆਂ ਜ਼ਿਲ੍ਹਾ ਮੋਗਾ ਨਾਲ ਸੰਬੰਧ ਰੱਖਣ ਵਾਲੇ ਪ੍ਰਵਾਸੀ ਪੰਜਾਬੀਆਂ ਨੂੰ ਸੱਦਾ ਦਿੱਤਾ ਹੈ ਕਿ ਉਹ ਵੀ ਆਪਣੀ ਧਰਤੀ ਲਈ ਕੁਝ ਬਿਹਤਰ ਕਰਨ ਲਈ ਅੱਗੇ ਆਉਣ। ਉਹਨਾਂ ਕਿਹਾ ਕਿ ਜੇਕਰ ਪ੍ਰਵਾਸੀ ਪੰਜਾਬੀ ਆਪਣੇ ਪਿੰਡਾਂ ਅਤੇ ਲੋਕਾਂ ਦੇ ਵਿਕਾਸ ਲਈ ਕੁਝ ਕਰਨਾ ਚਾਹੁੰਦੇ ਹਨ ਤਾਂ ਜ਼ਿਲ੍ਹਾ ਪ੍ਰਸ਼ਾਸ਼ਨ ਉਹਨਾਂ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਹਮੇਸ਼ਾਂ ਤਿਆਰ ਹੈ।



## "ਮਿਸ਼ਨ ਪ੍ਰਗਤੀ"

# ਨੌਜਵਾਨਾਂ ਨੂੰ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਮਿਲੇਗੀ ਮੁਫਤ ਕੋਚਿੰਗ ਅਤੇ ਹੋਰ ਸਹੂਲਤਾਂ

ਜਾਗ੍ਰਤੀ ਬਿਊਰੋ

ਜ਼ਿਲ੍ਹੇ ਦੇ ਨੌਜਵਾਨਾਂ ਨੂੰ ਸਸ਼ਕਤ ਬਣਾਉਣ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨੌਜਵਾਨਾਂ ਦੀ ਭਲਾਈ ਦੇ ਵਿਜ਼ਨ ਨੂੰ ਅੱਗੇ ਵਧਾਉਣ ਵੱਲ ਇਕ ਮਹੱਤਵਪੂਰਨ ਕਦਮ ਚੁੱਕਦਿਆਂ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਵੱਲੋਂ ਸੀਨੀਅਰ ਪੁਲਿਸ ਕਪਤਾਨ ਡਾ. ਮਹਿਤਾਬ ਸਿੰਘ ਨਾਲ ਸਰਕਾਰੀ ਆਈ.ਟੀ.ਆਈ ਨਵਾਂਸ਼ਹਿਰ ਵਿਖੇ ਇਕ ਮੁਫ਼ਤ ਸਿਖਲਾਈ ਕਰੈਸ਼ ਕੋਰਸ 'ਮਿਸ਼ਨ ਪ੍ਰਗਤੀ' ਸ਼ੁਰੂ ਕੀਤਾ ਗਿਆ, ਤਾਂ ਜੋ ਪੰਜਾਬ ਸਰਕਾਰ ਜਾਂ ਭਾਰਤ ਸਰਕਾਰ ਦੀਆਂ ਮੁਕਾਬਲੇ ਦੀਆਂ ਪ੍ਰੀਖਿਆਵਾਂ ਪਾਸ ਕਰਨ ਦੇ ਚਾਹਵਾਨ ਨੌਜਵਾਨ, ਮਾਹਿਰਾਂ ਤੋਂ ਵਿਸ਼ੇਸ਼ ਸਿਖਲਾਈ ਪ੍ਰਾਪਤ ਕਰ ਸਕਣ। ਇਸ ਪਹਿਲ ਦਾ ਉਦੇਸ਼ ਨੌਜਵਾਨਾਂ ਵਿਚ ਇਕ ਸਿਹਤਮੰਦ ਅਤੇ ਕੁਸ਼ਲ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦਿਆਂ ਪੁਲਿਸ/ਫ਼ੌਜ/ਅਗਨੀਵੀਰ, ਪੰਜਾਬ ਸਿਵਲ ਸੇਵਾਵਾਂ, ਬੈਂਕਿੰਗ ਪ੍ਰੀਖਿਆਵਾਂ ਆਦਿ ਵਰਗੀਆਂ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਕਰਨ ਵਾਲੇ ਚਾਹਵਾਨ ਉਮੀਦਵਾਰਾਂ ਨੂੰ ਇਕੋ ਛੱਤ ਥੱਲੇ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਉਣਾ ਹੈ।

ਇਸ ਮੌਕੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਨੇ ਕਿਹਾ ਕਿ ਇਹ ਨੌਜਵਾਨਾਂ ਲਈ ਇਕ ਸ਼ਾਨਦਾਰ ਅਤੇ ਸੁਨਹਿਰੀ ਮੌਕਾ ਹੈ, ਕਿਉਂਕਿ 'ਮਿਸ਼ਨ ਪ੍ਰਗਤੀ' ਦੇ ਤਹਿਤ ਫਿਜ਼ੀਕਲ ਅਤੇ ਲਿਖਤੀ ਪ੍ਰੀਖਿਆ ਦੀ ਤਿਆਰੀ ਇਕੋ ਛੱਤ ਹੇਠ ਯਾਨੀ ਕਿ ਇਕ ਹੀ ਜਗ੍ਹਾ 'ਤੇ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਇਹ ਯਕੀਨੀ ਬਣਾਉਣਾ ਹੈ ਕਿ ਜ਼ਿਲ੍ਹੇ ਵਿਚ ਕੋਈ ਵੀ ਚਾਹਵਾਨ ਉਮੀਦਵਾਰ ਸਰੋਤਾਂ ਜਾਂ ਮਾਰਗਦਰਸ਼ਨ ਦੀ ਘਾਟ ਕਾਰਨ ਆਪਣੇ ਸੁਪਨਿਆਂ ਨੂੰ ਪੂਰਾ ਕਰਨ ਤੋਂ ਵਾਂਝਾ ਨਾ ਰਹੇ। ਉਨ੍ਹਾਂ ਕਿਹਾ ਕਿ ਇਹ ਪ੍ਰੋਗਰਾਮ ਸਿਰਫ਼ ਪ੍ਰੀਖਿਆ ਦੀ ਤਿਆਰੀ ਬਾਰੇ ਨਹੀਂ ਹੈ, ਸਗੋਂ ਨੌਜਵਾਨਾਂ ਵਿਚ ਤੰਦਰੁਸਤੀ, ਕੁਸ਼ਲਤਾ ਅਤੇ ਸਵੈ-ਅਨੁਸ਼ਾਸਨ ਦੇ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਬਾਰੇ ਵੀ ਹੈ। ਉਨ੍ਹਾਂ ਕਿਹਾ ਕਿ ਅੱਜ ਦੇ ਹਾਲਾਤ ਵਿਚ ਸਹੀ ਸਮੇਂ 'ਤੇ ਸਹੀ ਮਾਰਗਦਰਸ਼ਨ ਹੋਣਾ ਬੇਹੱਦ ਜ਼ਰੂਰੀ ਹੈ। ਇਸ ਲਈ ਇਹ ਮੁਫ਼ਤ ਸਿਖਲਾਈ ਸੈਸ਼ਨ ਵਿਦਿਆਰਥੀਆਂ ਨੂੰ ਪ੍ਰੀਖਿਆਵਾਂ ਦੀ ਤਿਆਰੀ ਸਬੰਧੀ ਸ਼ੰਕਿਆਂ ਨੂੰ ਦੂਰ ਕਰਨ ਵਿਚ ਮਦਦ ਕਰੇਗਾ। ਭਾਗੀਦਾਰਾਂ ਨੂੰ ਵਿਆਪਕ ਮਾਰਗਦਰਸ਼ਨ ਪ੍ਰਾਪਤ ਹੋਵੇਗਾ, ਜਿਸ ਵਿਚ ਕਿਤਾਬਾਂ, ਸਿਖਲਾਈ ਸਮੱਗਰੀ ਅਤੇ ਇਨ੍ਹਾਂ ਪ੍ਰੀਖਿਆਵਾਂ ਲਈ ਜ਼ਰੂਰੀ ਸਰੀਰਕ ਮਾਪਦੰਡਾਂ ਬਾਰੇ ਵਿਸਥਾਰਤ ਜਾਣਕਾਰੀ ਸ਼ਾਮਿਲ ਹੈ। ਇਸ ਸਿਖਲਾਈ ਵਿਚ ਲਿਖਤੀ ਭਾਗ ਅਤੇ ਫਿਜ਼ੀਕਲ ਭਾਗ ਵੀ ਹੋਣਗੇ। ਇਸ ਸਿਖਲਾਈ ਦੌਰਾਨ ਸੇਵਾ ਨਿਭਾਅ ਰਹੇ ਅਧਿਕਾਰੀਆਂ ਨੂੰ ਵੀ ਉਮੀਦਵਾਰਾਂ ਨਾਲ ਆਪਣੇ ਤਜਰਬੇ ਸਾਂਝੇ ਕਰਨ ਲਈ ਬੁਲਾਇਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪਹਿਲੇ ਬੈਚ ਵਿਚ ਇਹ ਸਿਖਲਾਈ ਸ਼ਹੀਦ ਭਗਤ ਸਿੰਘ ਨਗਰ ਦੇ 35 ਨੌਜਵਾਨਾਂ ਨਾਲ ਸ਼ੁਰੂ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਇਹ ਸਿਖਲਾਈ ਨਾਮੀ ਕੋਚਿੰਗ ਇੰਸਟੀਚਿਊਟ 'ਗਿਆਨਮ' ਦੁਆਰਾ ਦਿੱਤੀ ਜਾਵੇਗੀ ਜੋ ਉੱਤਰੀ ਭਾਰਤ ਦੀ ਸਰਬੋਤਮ ਕੋਚਿੰਗ ਸੰਸਥਾ ਹੈ। ਡਿਪਟੀ ਕਮਿਸ਼ਨਰ ਨੇ ਇਹ ਵੀ ਦੱਸਿਆ ਕਿ ਜ਼ਿਲ੍ਹੇ ਵਿਚ ਜਲਦੀ ਹੀ ਬਾਰਾਦਰੀ ਬਾਗ ਵਿਖੇ ਇਕ ਪੂਰੀ ਤਰ੍ਹਾਂ ਏਅਰ-ਕੰਡੀਸ਼ਨਡ ਜ਼ਿਲ੍ਹਾ ਲਾਇਬ੍ਰੇਰੀ ਸ਼ੁਰੂ ਹੋਣ ਜਾ ਰਹੀ ਹੈ, ਜਿਸ ਵਿਚ ਮੁਫ਼ਤ ਵਾਈ-ਫਾਈ, ਅਖ਼ਬਾਰਾਂ ਅਤੇ ਨਵੀਆਂ ਮੁਕਾਬਲੇ ਦੇ ਇਮਤਿਹਾਨਾਂ ਨਾਲ ਸੰਬੰਧਿਤ ਕਿਤਾਬਾਂ ਆਦਿ ਵਰਗੀਆਂ ਆਧੁਨਿਕ ਸਹੂਲਤਾਂ ਮਿਲਣਗੀਆਂ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਸ਼ਹੀਦ ਭਗਤ ਸਿੰਘ ਨਗਰ ਵਿਖੇ ਸਥਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵਿਚ ਇਕ ਆਧੁਨਿਕ ਲਾਇਬ੍ਰੇਰੀ ਪਹਿਲਾਂ ਹੀ ਕਾਰਜਸ਼ੀਲ ਹੈ। ਉਨ੍ਹਾਂ ਕਿਹਾ ਕਿ ਉਮੀਦਵਾਰ ਇਨ੍ਹਾਂ ਦੋਵਾਂ ਲਾਇਬ੍ਰੇਰੀਆਂ ਦੀ ਵਰਤੋਂ ਕਰ ਸਕਦੇ ਹਨ ਅਤੇ ਪੜ੍ਹਨ ਲਈ ਕਿਤਾਬਾਂ ਪ੍ਰਾਪਤ ਕਰ ਸਕਦੇ ਹਨ। ਡਿਪਟੀ ਕਮਿਸ਼ਨਰ ਨੇ ਉਮੀਦਵਾਰਾਂ ਵਿਚ ਭਟਕਾਅ ਦੇ ਮੁੱਦੇ 'ਤੇ ਵਿਸ਼ੇਸ਼ ਤੌਰ 'ਤੇ ਚਾਨਣਾ ਪਾਇਆ ਅਤੇ ਸਾਰਿਆਂ ਨੂੰ ਵਧੇਰੇ ਅਨੁਸ਼ਾਸਿਤ ਅਤੇ ਸਮੇਂ ਦੇ ਪਾਬੰਦ ਹੋਣ ਅਤੇ ਤਕਨਾਲੋਜੀ ਦੀ ਸਭ ਤੋਂ ਵਧੀਆ ਵਰਤੋਂ ਕਰਨ ਦੀ ਅਪੀਲ ਕੀਤੀ।

ਇਸ ਮੌਕੇ ਐਸ.ਐਸ. ਪੀ ਡਾ. ਮਹਿਤਾਬ ਸਿੰਘ ਨੇ ਕਿਹਾ ਕਿ ਇਹ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਕੀਤੀਆਂ ਗਈਆਂ ਸਰਬੋਤਮ ਪਹਿਲਕਦਮੀਆਂ ਵਿਚੋਂ ਇਕ ਹੈ। ਉਨ੍ਹਾਂ ਕਿਹਾ ਕਿ ਕਈ ਵਾਰ ਉਮੀਦਵਾਰ ਉਨ੍ਹਾਂ ਕੋਲ ਬਹੁਤ ਸਾਰੀਆਂ ਪ੍ਰੀਖਿਆਵਾਂ ਅਤੇ ਰੈਲੀਆਂ ਦੇ ਮਾਪਦੰਡਾਂ ਬਾਰੇ ਪੁੱਛਣ ਲਈ ਆਉਂਦੇ ਹਨ। ਇਸ ਲਈ ਇਹ ਪਹਿਲਕਦਮੀ ਬਹੁਤ ਸਾਰੇ ਨੌਜਵਾਨਾਂ ਲਈ ਜੀਵਨ ਬਦਲਣ ਵਾਲਾ ਤਜ਼ਰਬਾ ਹੋਵੇਗੀ ਅਤੇ ਜ਼ਿਲ੍ਹੇ ਦੇ ਨੌਜਵਾਨਾਂ ਲਈ ਇਕ 'ਵਨ ਸਟਾਪ ਮਾਰਗਦਰਸ਼ਨ ਪਲੇਟਫਾਰਮ' ਅਤੇ ਚਾਹਵਾਨ ਨੌਜਵਾਨਾਂ ਲਈ ਮਿਸਾਲ ਸਾਬਿਤ ਹੋਵੇਗੀ ।

ਇਸ ਮੌਕੇ ਮਿਸ਼ਨ ਪ੍ਰਗਤੀ ਦੇ ਓਵਰਆਲ ਨੋਡਲ ਅਫਸਰ ਅਤੇ ਉੱਪ ਮੰਡਲ ਮੈਜਿਸਟ੍ਰੇਟ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ, ਜ਼ਿਲ੍ਹਾ ਰੁਜ਼ਗਾਰ ਅਫਸਰ ਸੰਦੀਪ ਕੁਮਾਰ ਤੇ ਹੋਰ ਸ਼ਖ਼ਸੀਅਤਾਂ ਮੌਜੂਦ ਸਨ।

# ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਲੜਕੀਆਂ ਲਈ ਮੁਫ਼ਤ ਡਰਾਈਵਿੰਗ ਕਲਾਸਾਂ ਦੀ ਸ਼ੁਰੂਆਤ

## ਔਰਤਾਂ ਦੇ ਸਸ਼ਕਤੀਕਰਨ ਅਤੇ ਸਵੈ-ਨਿਰਭਰਤਾ ਲਈ ਕੀਤਾ ਅਹਿਮ ਉਪਰਾਲਾ

ਜਾਗ੍ਰਤੀ ਬਿਊਰੋ



ਔਰਤਾਂ ਦੇ ਸਸ਼ਕਤੀਕਰਨ ਅਤੇ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰਨ ਲਈ ਇਕ ਮਹੱਤਵਪੂਰਨ ਪਹਿਲਕਦਮੀ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ, ਸ਼ਹੀਦ ਭਗਤ ਸਿੰਘ ਨਗਰ ਨੇ ਡਿਪਟੀ ਕਮਿਸ਼ਨਰ ਰਾਜੇਸ਼ ਧੀਮਾਨ ਦੀ ਅਗਵਾਈ ਹੇਠ 'ਬੇਟੀ ਬਚਾਓ, ਬੇਟੀ ਪੜ੍ਹਾਓ' ਮੁਹਿੰਮ ਦੇ ਤਹਿਤ ਲੜਕੀਆਂ ਲਈ ਮੁਫ਼ਤ ਡਰਾਈਵਿੰਗ ਕਲਾਸਾਂ ਸ਼ੁਰੂ ਕੀਤੀਆਂ ਹਨ। ਇਹ ਅਗਾਂਹਵਧੂ ਸੋਚ ਵਾਲਾ ਪ੍ਰੋਗਰਾਮ, ਪੁਖਰਾਜ ਡਰਾਈਵਿੰਗ ਸਕੂਲ ਦੇ ਸਹਿਯੋਗ ਨਾਲ ਨੌਜਵਾਨ ਬੱਚੀਆਂ ਨੂੰ ਇਕ ਮਹੱਤਵਪੂਰਨ ਹੁਨਰ ਨਾਲ ਲੈਸ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਨਾਲ ਜਿਥੇ ਉਨ੍ਹਾਂ ਦਾ ਆਤਮਵਿਸ਼ਵਾਸ ਵਧੇਗਾ, ਉਥੇ ਉਨ੍ਹਾਂ ਲਈ ਨਵੇਂ ਆਰਥਿਕ ਮੌਕਿਆਂ ਦੇ ਦਰਵਾਜ਼ੇ ਵੀ ਖੁੱਲ੍ਹਣਗੇ।

ਇਹ ਅਹਿਮ ਉਪਰਾਲਾ ਲਿੰਗ ਸਮਾਨਤਾ ਅਤੇ ਆਰਥਿਕ ਸੁਤੰਤਰਤਾ ਨੂੰ ਉਤਸ਼ਾਹਿਤ ਕਰਨ ਵਿਚ ਜ਼ਿਲ੍ਹਾ ਪ੍ਰਸ਼ਾਸਨ ਦੀ ਸਰਗਰਮ ਪਹੁੰਚ ਦਾ ਪ੍ਰਮਾਣ ਹੈ। ਨੌਜਵਾਨ ਲੜਕੀਆਂ ਨੂੰ ਜ਼ਰੂਰੀ ਹੁਨਰ ਪ੍ਰਦਾਨ ਕਰਕੇ, ਪ੍ਰਸ਼ਾਸਨ ਨਾ ਸਿਰਫ਼ ਸਵੈ-ਨਿਰਭਰਤਾ ਨੂੰ ਉਤਸ਼ਾਹਿਤ ਕਰ ਰਿਹਾ ਹੈ, ਸਗੋਂ ਇਕ ਹੋਰ ਸਮਾਵੇਸ਼ੀ ਅਤੇ ਪ੍ਰਗਤੀਸ਼ੀਲ ਸਮਾਜ ਲਈ ਰਾਹ ਪੱਧਰਾ ਵੀ ਕਰ ਰਿਹਾ ਹੈ।

ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਅਤੇ ਐਸ.ਡੀ. ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਦੀ ਅਗਵਾਈ ਹੇਠ ਸਿਖਲਾਈ ਵਾਹਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ, ਜਿਸ ਨਾਲ ਪ੍ਰੋਗਰਾਮ ਦੀ ਅਧਿਕਾਰਤ ਸ਼ੁਰੂਆਤ ਹੋਈ।

ਇਸ ਮੌਕੇ ਆਪਣੇ ਸੰਬੋਧਨ ਵਿਚ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਅਵਨੀਤ ਕੌਰ ਨੇ ਕਿਹਾ ਕਿ ਗਤੀਸ਼ੀਲਤਾ ਔਰਤਾਂ ਦੇ ਸਸ਼ਕਤੀਕਰਨ ਵਿਚ ਇਕ ਮੁੱਖ ਕਾਰਕ ਹੈ, ਅਤੇ ਇਹ ਮੁਫ਼ਤ ਡਰਾਈਵਿੰਗ ਸਿਖਲਾਈ ਨੌਜਵਾਨ ਔਰਤਾਂ ਨੂੰ ਵਿੱਤੀ ਸੁਤੰਤਰਤਾ ਅਤੇ ਵਧੇਰੇ ਖ਼ੁਦਮੁਖਤਿਆਰੀ ਨਾਲ ਆਪਣੇ ਜੀਵਨ ਨੂੰ ਵਧੀਆ ਢੰਗ ਨਾਲ ਚਲਾਉਣ ਲਈ ਆਤਮਵਿਸ਼ਵਾਸ ਪ੍ਰਾਪਤ ਕਰਨ ਵਿਚ ਮਦਦ ਕਰੇਗੀ।

ਐਸ.ਡੀ.ਐਮ ਨਵਾਂਸ਼ਹਿਰ ਡਾ. ਅਕਸ਼ਿਤਾ ਗੁਪਤਾ ਨੇ ਇਸ ਮੌਕੇ ਜ਼ੋਰ ਦੇ ਕੇ ਕਿਹਾ ਕਿ ਇਹ ਪਹਿਲਕਦਮੀ ਸਿਰਫ਼ ਡਰਾਈਵਿੰਗ ਹੁਨਰ ਸਿਖਾਉਣ ਬਾਰੇ ਨਹੀਂ ਹੈ, ਸਗੋਂ ਸਮਾਜਿਕ ਰੁਕਾਵਟਾਂ ਨੂੰ ਤੋੜਨ ਅਤੇ ਔਰਤਾਂ ਨੂੰ ਜੀਵਨ ਦੇ ਸਾਰੇ ਖੇਤਰਾਂ ਵਿਚ ਬਰਾਬਰ ਮੌਕੇ ਪ੍ਰਾਪਤ ਕਰਨ ਦੇ ਯੋਗ ਬਣਾਉਣ ਬਾਰੇ ਵੀ ਹੈ। ਉਨ੍ਹਾਂ ਦੱਸਿਆ ਕਿ ਪਹਿਲੇ ਪੜਾਅ ਵਿਚ 16 ਕੁੜੀਆਂ ਪੇਸ਼ੇਵਰ ਡਰਾਈਵਿੰਗ ਸਿਖਲਾਈ ਲੈਣਗੀਆਂ ਅਤੇ ਪ੍ਰਸ਼ਾਸਨ ਹੋਰ ਨੌਜਵਾਨ ਔਰਤਾਂ ਨੂੰ ਅੱਗੇ ਆਉਣ ਅਤੇ ਇਸ ਸਸ਼ਕਤੀਕਰਨ ਪਹਿਲਕਦਮੀ ਦਾ ਲਾਭ ਉਠਾਉਣ ਲਈ ਉਤਸ਼ਾਹਿਤ ਕਰੇਗਾ।

ਇਸ ਮੌਕੇ ਏ.ਟੀ.ਓ ਰਮਨਦੀਪ ਸਿੰਘ, ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਜਗਰੂਪ ਸਿੰਘ, ਪੰਜਾਬ ਗੁੱਡ ਗਵਰਨੈਂਸ ਫੈਲੋ ਅਸਮਿਤਾ ਪਰਮਾਰ, ਡੀ.ਸੀ. ਪੀ.ਓ ਕੰਚਨ ਅਰੋੜਾ, ਸੀ.ਡੀ.ਪੀ.ਓ ਦਵਿੰਦਰ ਕੌਰ, ਸੀ.ਡੀ.ਪੀ.ਓ ਸ਼੍ਰੀ ਪੂਰਨ ਪੰਕਜ ਸ਼ਰਮਾ ਅਤੇ ਸਿਖਲਾਈ ਹਾਸਲ ਕਰਨ ਵਾਲੀਆਂ ਔਰਤਾਂ ਤੇ ਬੱਚੀਆਂ ਮੌਜੂਦ ਸਨ।



# ਤੁਹਾਡੀ ਪ੍ਰਤੀਕਿਰਿਆ

- ਤੁਹਾਨੂੰ ਮੈਗਜ਼ੀਨ ਦਾ ਸਭ ਤੋਂ ਚੰਗਾ ਪੱਖ ਕਿਹੜਾ ਲੱਗਦਾ ਹੈ?
- ਇਸਨੂੰ ਹੋਰ ਸੁਚੱਜਾ ਬਣਾਉਣ ਲਈ ਤੁਹਾਡੇ ਕੋਲ ਕੀ ਸੁਝਾਅ ਹਨ?
- ਕ੍ਰਿਪਾ ਕਰਕੇ ਆਪਣੇ ਜਵਾਬ ਹੇਠ ਲਿਖੇ ਪਤੇ `ਤੇ ਭੇਜੋ।


ਵਿਕਾਸ ਜਾਗ੍ਰਤੀ

ਕਮਰਾ ਨੰ: 1, ਪੰਜਵੀਂ ਮੰਜ਼ਿਲ, ਪੰਜਾਬ ਸਿਵਲ ਸਕੱਤਰੇਤ, ਚੰਡੀਗੜ੍ਹ।

ਫ਼ੋਨ ਨੰ: 0172-2740668


ਪਾਠਕਾਂ ਨੂੰ ਸਨਿਮਰ ਬੇਨਤੀ ਹੈ ਕਿ ਉਹ ਵਿਕਾਸ ਜਾਗ੍ਰਤੀ ਵਾਸਤੇ ਆਪਣੀਆਂ ਮੌਲਿਕ ਅਤੇ ਅਪ੍ਰਕਾਸ਼ਿਤ ਰਚਨਾਵਾਂ ਹੀ ਭੇਜਣ ਦੀ ਖੇਚਲ ਕਰਨ।

ਇਹ ਰਚਨਾਵਾਂ ਟਾਈਪ ਕਰ ਕੇ ਹੀ **punmagazine2020@gmail.com**`ਤੇ ਭੇਜਿਆਂ ਜਾਣ ਜੀ।

ਸੰਪਾਦਕ

GOVT. OF PUNJAB

# ਈਦ
# ਮੁਬਾਰਕ



# ਪੰਜਾਬ ਸਰਕਾਰ ਹੁਣ ਸੋਸ਼ਲ ਮੀਡੀਆ ’ਤੇ

ਪੰਜਾਬ ਸਰਕਾਰ ਨੇ ਸੂਬਾ ਸਰਕਾਰ ਅਤੇ ਪੰਜਾਬ ਦੇ ਲੋਕਾਂ ਦਰਮਿਆਨ ਦੋ-ਪੱਖੀ ਸੰਚਾਰ ਦੀ ਸਹੂਲਤ ਲਈ ਸੋਸ਼ਲ ਮੀਡੀਆ ਦੀ ਦੁਨੀਆ ਵਿੱਚ ਕਦਮ ਰੱਖਿਆ ਹੈ। ਪੰਜਾਬ ਸਬੰਧੀ ਨਵੀਨਤਮ ਘਟਨਾਵਾਂ, ਖ਼ਬਰਾਂ, ਨੀਤੀਆਂ, ਸਕੀਮਾਂ ਅਤੇ ਪਹਿਲਕਦਮੀਆਂ ਬਾਰੇ ਨਿਯਮਤ ਰੀਅਲ-ਟਾਈਮ ਅਪਡੇਟਸ ਲਈ ਫੇਸਬੁੱਕ, ਟਵਿੱਟਰ, ਵਰਡਪ੍ਰੈਸ ਅਤੇ ਯੂਟਿਊਬ ’ਤੇ ਸਾਡੇ ਨਾਲ ਆਨਲਾਈਨ ਜੁੜੋ।

**#PunjabGovtIndia** ਨਾਲ ਜੁੜੋ ਅਤੇ ਅਧਿਕਾਰਤ ਪੰਨਿਆਂ ’ਤੇ ਲਾਈਕ/ਕਮੈਂਟ/ਸ਼ੇਅਰ ਕਰੋ:

**Facebook.com/PunjabGovtIndia**

**x.com/pbgovtindia**

**Punjabgovtindia.wordpress.com**

**Youtube.com/c/PunjabGovtIndia**

ਕਿਸੇ ਵੀ ਜਾਣਕਾਰੀ ਜਾਂ ਸੁਝਾਵਾਂ ਲਈ ਸਾਨੂੰ **pbgovt.socialmedia@gmail.com** ’ਤੇ ਈ-ਮੇਲ ਵੀ ਕਰ ਸਕਦੇ ਹੋ।

ਤੁਸੀਂ ਪੰਜਾਬ ਐਡਵਾਂਸ (ਅੰਗਰੇਜ਼ੀ), ਵਿਕਾਸ ਜਾਗ੍ਰਿਤੀ (ਪੰਜਾਬੀ), ਵਿਕਾਸ ਜਾਗ੍ਰਿਤੀ (ਹਿੰਦੀ) ਮਾਸਿਕ ਈ-ਮੈਗਜ਼ੀਨ ਵੀ ਡਾਊਨਲੋਡ ਕਰ ਸਕਦੇ ਹੋ
ਅਤੇ
ਵਧੇਰੇ ਜਾਣਕਾਰੀ ਅਤੇ ਸੂਬੇ ਦੀਆਂ ਵਿਕਾਸ ਪਹਿਲਕਦਮੀਆਂ/ ਸਕੀਮਾਂ ਦੀ ਵਿਸਤ੍ਰਿਤ ਜਾਣਕਾਰੀ ਲਈ **ipr.punjab.gov.in** ’ਤੇ ਜਾਓ।

ਤੁਹਾਡੇ ਸੁਝਾਅ ਸਾਡੇ ਲਈ ਬਹੁਤ ਕੀਮਤੀ ਹਨ। ਤੁਸੀਂ ਮੈਗਜ਼ੀਨਾਂ ਸਬੰਧੀ ਆਪਣੀਆਂ ਟਿੱਪਣੀਆਂ **feedbackpunmedia@gmail.com** ’ਤੇ ਦੇ ਸਕਦੇ ਹੋ।

***ਸਾਨੂੰ ਤੁਹਾਡੇ ਸੁਝਾਵਾਂ ਦੀ ਉਡੀਕ ਰਹੇਗੀ।***